Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 198 19/12/2025 www.samajweekly.com samajweekly @samajweekly samajweekly

ਲੋਕ ਸਭਾ ਵਿੱਚ ਪਾਸ ਹੋਇਆ 'ਜੀ ਰਾਮ ਜੀ' ਬਿੱਲ

ਸੰਸਦ ਦੀ ਕਾਰਵਾਈ ਦਿਨ ਭਰ ਲਈ ਮੁਲਤਵੀ

ਨਵੀਂ ਦਿੱਲੀ। ਵਿਰੋਧੀ ਧਿਰ ਦੇ ਹੰਗਾਮੇ ਵਿਚਾਲੇ ਅੱਜ ਲੋਕ ਸਭਾ ਨੇ 'ਵਿਕਸਿਤ ਭਾਰਤ-ਜੀ ਰਾਮ ਜੀ ਬਿੱਲ, 2025' ਨੂੰ ਮਨਜ਼ੂਰੀ ਦੇ ਦਿੱਤੀ। ਗ੍ਰਾਮੀਣ ਵਿਕਾਸ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਵਲੋਂ ਬਿੱਲ ਤੇ ਚਰਚਾ ਦਾ ਜਵਾਬ ਦਿੱਤੇ ਜਾਣ ਤੋਂ ਬਾਅਦ ਸਦਨ ਨੇ ਇਸ ਨੂੰ ਆਵਾਜ਼ ਵੋਟ ਨਾਲ ਪਾਸ ਕਰ ਦਿੱਤਾ। ਇਹ ਪ੍ਰਸਤਾਵਿਤ ਕਾਨੂੰਨ 20 ਸਾਲ ਪੁਰਾਣੇ ਮਹਾਤਮਾ ਗਾਂਧੀ ਰਾਸ਼ਟਰੀ ਗ੍ਰਾਮੀਣ ਰੁਜ਼ਗਾਰ ਗਾਰੰਟੀ ਐਕਟ (ਮਨਰੇਗਾ) ਦੀ ਜਗ੍ਹਾ ਲਵੇਗਾ। ਬਿੱਲ ਪਾਸ ਹੁੰਦੇ ਹੀ ਲੋਕ ਸਭਾ ਸਪੀਕਰ ਓਮ ਬਿਰਲਾ ਨੇ ਸਦਨ ਦੀ ਕਾਰਵਾਈ ਸ਼ੁੱਕਰਵਾਰ ਸਵੇਰੇ 11 ਵਜੇ ਤੱਕ ਲਈ ਮੁਲਤਵੀ ਕਰ ਦਿੱਤੀ। ਇਸ ਮੌਕੇ ਸ਼ਿਵਰਾਜ ਚੌਹਾਨ ਨੇ ਕਾਂਗਰਸ ਤੇ ਨਿਸ਼ਾਨਾ ਵਿੰਨ੍ਹਦਿਆਂ ਕਿਹਾ ਕਿ ਮਨਰੇਗਾ ਦੇ ਨਾਮ ਵਿੱਚ ਪਹਿਲਾਂ ਮਹਾਤਮਾ ਗਾਂਧੀ ਦਾ ਨਾਮ ਨਹੀਂ ਸੀ, ਬਲਕਿ ਇਹ ਨਰੇਗਾ ਸੀ, ਪਰ 2009 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਨੂੰ ਵੋਟਾਂ ਵਾਸਤੇ ਬਾਪੂ ਯਾਦ ਆ ਗਏ ਅਤੇ ਉਨ੍ਹਾਂ ਦਾ ਨਾਮ ਜੋੜਿਆ ਗਿਆ। ਉਹਨਾਂ ਇਹ ਵੀ ਦਾਅਵਾ ਕੀਤਾ ਕਿ ਕਾਂਗਰਸ ਦੀਆਂ ਸਰਕਾਰਾਂ ਦੇ ਸਮੇਂ ਸੈਂਕੜੇ ਯੋਜਨਾਵਾਂ, ਇਮਾਰਤਾਂ ਅਤੇ ਸੰਸਥਾਵਾਂ ਦੇ ਨਾਮ ਗਾਂਧੀ ਪਰਿਵਾਰ ਦੇ ਮੈਂਬਰਾਂ-ਜਵਾਹਰਲਾਲ ਨਹਿਰੂ, ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਦੇ ਨਾਮ ਤੇ ਰੱਖੇ ਗਏ ਸਨ। ਉਨ੍ਹਾਂ ਕਿਹਾ ਕਿ ਕਾਂਗਰਸ

ਮਹਾਤਮਾ ਗਾਂਧੀ ਦਾ ਨਾਮ ਲੈ ਕੇ ਸਿਰਫ਼ 'ਢੋਂਗ' ਕਰ ਰਹੀ ਹੈ, ਕਿਉਂਕਿ ਉਨ੍ਹਾਂ ਨੇ ਦੇਸ਼ ਦੀ ਵੰਡ, ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਅਤੇ ਐਮਰਜੈਂਸੀ ਲਗਾਉਣ ਦੇ ਦਿਨ ਹੀ "ਬਾਪੂ ਦੇ ਆਦਰਸ਼ਾਂ ਦੀ ਹੱਤਿਆ ਕਰ ਦਿੱਤੀ ਸੀ"। ਮੰਤਰੀ ਨੇ ਦੱਸਿਆ ਕਿ ਮਨਰੇਗਾ ਵਿੱਚ ਕਈ ਕਮੀਆਂ ਸਨ ਅਤੇ ਕਾਂਗਰਸ ਨੇ ਇਸ ਯੋਜਨਾ ਨੂੰ ਪੂਰੀ ਤਰ੍ਹਾਂ ਭ੍ਰਿਸ਼ਟਾਚਾਰ ਦੇ ਹਵਾਲੇ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਮਨਰੇਗਾ ਵਿੱਚ 60 ਫੀਸਦੀ ਪੈਸਾ ਮਜ਼ਦੂਰੀ ਲਈ ਅਤੇ 40 ਫੀਸਦੀ ਨਿਰਮਾਣ ਸਮੱਗਰੀ ਲਈ ਹੁੰਦਾ ਸੀ, ਪਰ ਵਿਰੋਧੀ ਧਿਰ ਵਾਲੇ ਰਾਜਾਂ ਵਿੱਚ ਸਮੱਗਰੀ ਤੇ ਸਿਰਫ਼ 19-26 ਫੀਸਦੀ ਹੀ ਖਰਚ ਕੀਤਾ ਜਾਂਦਾ ਸੀ। ਨਵੇਂ ਕਾਨੂੰਨ ਦਾ ਉਦੇਸ਼ ਇਸ ਲੁੱਟ ਨੂੰ ਖਤਮ ਕਰਨਾ, ਪਾਰਦਰਸ਼ਤਾ ਲਿਆਉਣਾ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਰਕਮ ਦੀ ਵਰਤੋਂ ਸਿਰਫ਼ ਗਰੀਬਾਂ ਦੇ ਰੁਜ਼ਗਾਰ ਅਤੇ ਵਿਕਸਿਤ ਪਿੰਡ ਬਣਾਉਣ ਲਈ ਕੀਤੀ ਜਾਵੇ।

ਵਿਰੋਧੀ ਧਿਰਾਂ ਵੱਲੋਂ ਸੰਸਦੀ ਅਹਾਤੇ ਵਿੱਚ ਰੋਸ ਮਾਰਚ

'ਜੀ ਰਾਮ ਜੀ' ਨੂੰ ਵਾਪਸ ਲੈਣ ਦੀ ਮੰਗ

ਨਵੀਂ ਦਿੱਲੀ। ਵਿਰੋਧੀ ਧਿਰਾਂ ਦੇ ਸੰਸਦ ਮੈਂਬਰਾਂ ਨੇ ਅੱਜ ਸਰਕਾਰ ਦੇ 'ਜੀ ਰਾਮ ਜੀ' ਬਿੱਲ ਖਿਲਾਫ਼ ਸੰਸਦ ਭਵਨ ਕੰਪਲੈਕਸ ਦੇ ਅੰਦਰ ਇੱਕ ਵਿਰੋਧ ਮਾਰਚ ਕੱਢਿਆ ਅਤੇ ਇਸ ਨੂੰ ਵਾਪਸ ਲੈਣ ਦੀ ਮੰਗ ਕੀਤੀ। ਮੈਂਬਰਾਂ ਨੇ ਹੱਥਾਂ ਵਿਚ ਮਹਾਤਮਾ ਗਾਂਧੀ ਦੀਆਂ ਤਸਵੀਰਾਂ ਤੇ 'ਮਹਾਤਮਾ ਗਾਂਧੀ ਨਰੇਗਾ' ਲਿਖਿਆ ਵੱਡਾ ਬੈਨਰ ਫੜਿਆ ਹੋਇਆ ਸੀ। ਉਨ੍ਹਾਂ ਨੇ ਪ੍ਰੇਰਨਾ ਸਥਲ ਵਿਖੇ ਗਾਂਧੀ ਦੀ ਮੂਰਤੀ ਤੋਂ ਮਕਰ ਦੁਆਰ ਤੱਕ ਮਾਰਚ ਕੀਤਾ ਤੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। ਕਾਂਗਰਸ ਦੇ ਪ੍ਰਧਾਨ ਮੱਲਿਕ-ਾਰਜੁਨ ਖੜਗੇ ਨੇ ਇਸ

ਲੜਾਈ ਨੂੰ ਸੜਕਾਂ ਤੇ ਲਿਜਾਣ ਦਾ ਅਹਿਦ ਲਿਆ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਏਆਈਸੀਸੀ ਜਨਰਲ ਸਕੱਤਰ ਕੇਸੀ ਵੇਣੂਗੋਪਾਲ, ਡੀ ਐਮ ਕੇ ਦੇ ਕੇ ਕਨੀਮੋਝੀ, ਟੀ ਆਰ ਬਾਲੂ, ਏ ਰਾਜਾ, ਆਈ ਯੂ ਐਮ ਐਲ ਦੇ ਈ ਟੀ ਮੁਹੰਮਦ ਬਸ਼ੀਰ, ਸ਼ਿਵ ਸੈਨਾ (ਯੂਬੀਟੀ) ਦੇ ਅਰਵਿੰਦ ਸਾਵੰਤ ਅਤੇ ਆਰ ਐਸ ਪੀ ਦੇ ਐਨ ਕੇ ਪ੍ਰੇਮਚੰਦਰਨ ਸਮੇਤ ਹੋਰਾਂ ਨੇ ਵਿਰੋਧ ਪ੍ਰਦਰਸ਼ਨ ਵਿੱਚ ਹਿੱਸਾ ਲਿਆ। ਇਸ ਦੌਰਾਨ ਸੀਨੀਅਰ ਕਾਂਗਰਸ ਨੇਤਾ ਸੋਨੀਆ ਗਾਂਧੀ ਵੀ ਪ੍ਰਦਰਸ਼ਨਕਾਰੀ ਸੰਸਦ ਮੈਂਬਰਾਂ ਵਿੱਚ ਸ਼ਾਮਲ ਹੋਈ ਅਤੇ ਮਕਰ ਦੁਆਰ ਵਿਖੇ ਪ੍ਰਦਰਸ਼ਨਾਂ ਵਿੱਚ ਹਿੱਸਾ ਲਿਆ। ਇਸ ਮੌਕੇ ਵੇਣੂਗੋਪਾਲ ਨੇ ਪੱਤਰਕਾਰਾਂ ਨੂੰ ਕਿਹਾ ਕਿ ਅੱਜ ਸੰਸਦ ਜਮਹੂਰੀਅਤ ਦੀ ਹੱਤਿਆ ਦਾ ਗਵਾਹ ਬਣ ਰਹੀ ਹੈ। ਨਰੇਗਾ ਤੋਂ ਮਹਾਤਮਾ ਗਾਂਧੀ ਦਾ ਨਾਮ ਹਟਾ ਕੇ ਉਹ ਜਮਹੂਰੀ ਕਦਰਾਂ-ਕੀਮਤਾਂ ਦੇ ਨਾਲ-ਨਾਲ ਰਾਸ਼ਟਰ ਪਿਤਾ ਦੀ ਵਿਚਾਰਧਾਰਾ ਨੂੰ ਵੀ ਮਾਰਨ ਦੀ ਕੋਸ਼ਿਸ਼ ਕਰ ਰਹੇ ਹਨ।

2026 ਤੋਂ ਪੰਜਾਬ ਦੇ ਹਰੇਕ ਪਰਿਵਾਰ ਨੂੰ ਮਿਲੇਗਾ 10 ਲੱਖ ਦੇ ਸਿਹਤ ਬੀਮੇ ਦਾ ਲਾਭ

ਚੰਡੀਗੜ੍ਹ। ਪੰਜਾਬ ਸਰਕਾਰ ਵੱਲੋਂ 2026 ਤੋਂ ਹਰ ਪਰਿਵਾਰ ਨੂੰ 10 ਲੱਖ ਰੁਪਏ ਤਕ ਦੇ ਹੈਲਥ ਕਵਰ ਦਾ ਲਾਭ ਮਿਲਣਾ ਸ਼ੁਰੂ ਹੋ ਜਾਵੇਗਾ। ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਅੱਜ ਇਹ ਐਲਾਨ ਕਰਦਿਆਂ ਕਿਹਾ ਕਿ ਜਨਵਰੀ ਮਹੀਨੇ ਵਿਚ ਹੀ ਲੋਕਾਂ ਦੇ ਹੈਲਥ ਕਾਰਡ ਬਣਨੇ ਸ਼ੁਰੂ ਹੋ ਜਾਣਗੇ ਤੇ ਜਲਦੀ ਹੀ ਇਹ ਯੋਜਨਾ ਲਾਗੂ ਕਰ ਦਿੱਤੀ ਜਾਵੇਗੀ। ਪੰਜਾਬ ਵਿਚ ਹੋਈਆਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਵਲੋਂ ਪੱਤਰਕਾਰ ਸੰਮੇਲਨ ਦੌਰਾਨ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਇਨ੍ਹਾਂ ਚੋਣਾਂ ਵਿਚ ਤਕਰੀਬਨ 70 ਫ਼ੀਸਦੀ ਸੀਟਾਂ ਜਿੱਤੀਆਂ ਹਨ, ਜਿਸ ਤੋਂ ਲੱਗ ਰਿਹਾ ਹੈ ਕਿ ਪੂਰੇ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਹਨੇਰੀ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕ ਯੁੱਧ

ਨਸ਼ਿਆਂ ਵਿਰੁੱਧ ਤੇ ਹੋਰ ਤਮਾਮ ਯੋਜਨਾਵਾਂ ਤੋਂ ਬੇਹੱਦ ਖ਼ੁਸ਼ ਹਨ ਤੇ ਪਿੰਡਾਂ ਦੇ ਲੋਕਾਂ ਨੇ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੇ ਕੰਮਾਂ ਤੇ ਲੋਕਾਂ ਨੇ ਮੋਹਰ ਲਗਾਈ ਹੈ। 2013 ਤੇ 2018 ਵਿਚ ਹੋਈਆਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਦਾ ਜ਼ਿਕਰ ਕਰਦਿਆਂ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਚੋਣਾਂ ਵਿਚ ਸਰਕਾਰਾਂ ਵੱਲੋਂ ਕਾਫ਼ੀ ਧੱਕੇਸ਼ਾਹੀ ਕੀਤੀ ਗਈ ਸੀ, ਪਰ ਇਸ ਵਾਰ ਚੋਣਾਂ ਬਿਲਕੁੱਲ ਨਿਰਪੱਖ ਤੇ ਪਾਰਦਰਸ਼ੀ ਢੰਗ ਨਾਲ ਹੋਈਆਂ ਹਨ ਤੇ ਪੂਰੀ ਪ੍ਰਕਿਰਿਆ ਦੀ ਬਾਕ-ਾਇਦਾ ਵੀਡੀਓਗ੍ਰਾਫ਼ੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ 580 ਸੀਟਾਂ ਤੇ 100 ਤੋਂ ਵੀ ਘੱਟ ਵੋਟਾਂ ਨਾਲ ਹਾਰ-ਜਿੱਤ ਦਾ ਫ਼ੈਸਲਾ ਹੋਇਆ ਹੈ। ਇਸ ਵਿਚੋਂ 261 'ਆਪ' ਨੇ ਜਿੱਤੀਆਂ ਹਨ ਜਦੋਂਕਿ 319 ਤੇ ਵਿਰੋਧੀਆਂ ਦੀ ਜਿੱਤ ਹੋਈ ਹੈ। ਉਨ੍ਹਾਂ ਕਿਹਾ ਕਿ ਬਹੁਤ ਸਾਰੀਆਂ ਸੀਟਾਂ ਤੇ 3-4 ਵੋਟਾਂ ਦੇ ਫ਼ਰਕ ਨਾਲ ਵੀ ਕਾਂਗਰਸ ਜਿੱਤੀ ਹੈ। ਜੇ ਸਰਕਾਰ ਚਾਹੇ ਤਾਂ ਅਜਿਹੀਆਂ ਸੀਟਾਂ ਨੂੰ ਬੇਇਮਾਨੀ ਨਾਲ ਜਿੱਤਣਾ ਕੋਈ ਵੱਡੀ ਗੱਲ ਨਹੀਂ ਸੀ, ਪਰ ਅਸੀਂ ਅਜਿਹਾ ਕੁਝ ਨਹੀਂ ਕੀਤਾ।

ਸਟੈਚੂ ਆਫ਼ ਯੂਨਿਟੀ ਬਣਾਉਣ ਵਾਲੇ ਮੂਰਤੀਕਾਰ ਦਾ ਦਿਹਾਂਤ

ਨਵੀਂ ਦਿੱਲੀ। ਦੁਨੀਆ ਦੀ ਸਭ ਤੋਂ ਉੱਚੀ ਮੂਰਤੀ 'ਸਟੈਚੂ ਆਫ਼ ਯੂਨਿਟੀ' ਨੂੰ ਬਣਾਉਣ ਵਾਲੇ ਰਾਮ ਸੁਤਾਰ ਦਾ ਬੀਤੀ ਦੇਰ ਰਾਤ ਨੋਇਡਾ ਸਥਿਤ ਉਨ੍ਹਾਂ ਦੇ ਘਰ ਦਿਹਾਂਤ ਹੋ ਗਿਆ। ਉਹ 100 ਸਾਲ ਦੇ ਸਨ ਅਤੇ ਬੁਢਾਪਾ ਸੰਬੰਧੀ ਸਮੱਸਿਆਵਾਂ ਨਾਲ ਜੂਝ ਰਹੇ ਸਨ। ਸਰਦਾਰ ਵਲੱਭਭਾਈ ਪਟੇਲ ਦੀ ਵਿਸ਼ਾਲ ਮੂਰਤੀ 'ਸਟੈਚੂ ਆਫ ਯੂਨਿਟੀ' ਗੁਜਰਾਤ ਵਿੱਚ ਸਥਾਪਤ ਕੀਤੀ ਗਈ ਹੈ। ਕਾਰਗਾਰੀ ਦੇ ਬੇਟੇ ਅਨਿਲ ਸੁਤਾਰ ਨੇ ਅੱਜ ਪ੍ਰੈਸ ਨਾਲ ਸਾਂਝੇ ਕੀਤੇ ਇਕ ਨੋਟ ਵਿੱਚ ਕਿਹਾ ਕਿ ਬਹੁਤ ਦੁਖ ਨਾਲ ਅਸੀਂ ਤੁਹਾਨੂੰ ਸੂਚਿਤ ਕਰਦੇ ਹਾਂ ਕਿ ਮੇਰੇ ਪਿਤਾ ਸ਼੍ਰੀ ਰਾਮ ਵਨਜੀ ਸੁਤਾਰ ਦਾ 17 ਦਸੰਬਰ ਦੀ ਰਾਤ ਨੂੰ ਸਾਡੇ ਘਰ ਦਿਹਾਂਤ ਹੋ ਗਿਆ। ਰਾਮ ਸੁਤਾਰ ਦਾ ਜਨਮ 19 ਫਰਵਰੀ 1925 ਨੂੰ ਮਹਾਰਾਸ਼ਟਰ ਦੇ ਧੁਲੇ ਜ਼ਿਲ੍ਹੇ ਦੇ ਗੋਂਡੂਰ ਪਿੰਡ ਦੇ ਇਕ ਸਾਧਾਰਣ ਪਰਿਵਾਰ ਵਿੱਚ ਹੋਇਆ ਸੀ। ਬਚਪਨ ਤੋਂ ਹੀ ਉਨ੍ਹਾਂ ਦਾ ਝੁਕਾਅ ਮੂਰਤੀਕਲਾ ਵੱਲ ਸੀ। ਉਨ੍ਹਾਂ ਨੇ ਮੁੰਬਈ ਦੇ ਜੇਜੇ ਸਕੂਲ ਆਫ਼ ਆਰਟ ਐਂਡ ਆਰਕੀਟੈਕਚਰ ਤੋਂ

ਗੋਲਡ ਮੈਡਲ ਪ੍ਰਾਪਤ ਕੀਤਾ ਸੀ। ਸੰਸਦ ਕੰਪਲੈਕਸ ਵਿੱਚ ਸਥਾਪਤ ਧਿਆਨ ਮੁਦਰਾ ਵਿੱਚ ਮਹਾਤਮਾ ਗਾਂਧੀ ਅਤੇ ਘੋੜੇ ਤੇ ਸਵਾਰ ਛਤਰਪਤੀ ਸ਼ਿਵਾਜੀ ਦੀਆਂ ਮੂਰਤੀਆਂ ਉਨ੍ਹਾਂ ਦੀਆਂ ਬਿਹਤਰੀਨ ਮੂਰਤੀਆਂ ਵਿੱਚ ਸ਼ਾਮਲ ਹਨ। ਰਾਮ ਸੁਤਾਰ ਨੂੰ ਉਨ੍ਹਾਂ ਦੀ ਕਲਾ ਲਈ 1999 ਵਿੱਚ 'ਪਦਮ ਸ਼੍ਰੀ' ਨਾਲ ਸਨਮਾਨਤ ਕੀਤਾ ਗਿਆ ਸੀ। ਹਾਲ ਹੀ ਵਿੱਚ ਉਨ੍ਹਾਂ ਨੂੰ ਮਹਾਰਾਸ਼ਟਰ ਦੇ ਸਰਵਉੱਚ ਪੁਰਸਕਾਰ 'ਮਹਾਰਾਸ਼ਟਰ ਭੂਸ਼ਣ' ਨਾਲ ਵੀ ਨਵਾਜਿਆ ਗਿਆ ਸੀ।

ਜਿਲ੍ਹੇ ਦੀਆਂ ਪੰਚਾਇਤ ਸੰਮਤੀ ਚੋਣਾਂ ਦੇ ਨਤੀਜਿਆਂ ਵਿੱਚ ਅਕਾਲੀ ਦਲ ਦੀ ਹਾਲਤ ਵਿੱਚ ਹੋਇਆ ਵੱਡਾ ਸੁਧਾਰ

ਐਸ ਏ ਐਸ ਨਗਰ। ਪੰਜਾਬ ਵਿੱਚ ਹੋਈਆਂ ਪੰਚਾਇਤ ਸੰਮਤੀ ਚੋਣਾਂ ਦੌਰਾਨ ਜਿਲ੍ਹਾ ਐਸ ਏ ਐਸ ਨਗਰ ਦੀਆਂ ਤਿੰਨ ਪੰਚਾਇਤ ਸੰਮਤੀਆਂ ਮਾਜਰੀ, ਖਰੜ ਅਤੇ ਡੇਰਾਬਸੀ ਦੇ ਨਤੀਜਿਆਂ ਨੇ ਪਿਛਲੇ ਲੰਬੇ ਸਮੇਂ ਤੋਂ ਹਾਸ਼ੀਏ ਤੇ ਚਲ ਰਹੇ ਸ਼੍ਰੋਮਣੀ ਅਕਾਲੀ ਦਲ ਬਾਦਲ ਵਿੱਚ ਮੁੜ ਜਾਨ ਪਾ ਦਿੱਤੀ ਹੈ। ਇਹਨਾਂ ਚੋਣਾਂ ਦੌਰਾਨ ਜਿੱਥੇ ਅਕਾਲੀ ਦਲ ਨੇ ਮਾਜਰੀ ਬਲਾਕ ਸੰਮਤੀ ਵਿੱਚ 8 ਸੀਟਾਂ ਜਿੱਤ ਕੇ ਬਹੁਮਤ ਹਾਸਿਲ ਕਰ ਲਿਆ ਹੈ ਉੱਥੇ ਖਰੜ ਅਤੇ ਡੇਰਾਬਸੀ ਵਿੱਚ ਭਾਵੇਂ ਉਸਨੂੰ ਘੱਟ ਸੀਟਾਂ ਮਿਲੀਆਂ ਹਨ ਪਰੰਤੂ ਜੇਕਰ ਜਿਲ੍ਹੇ ਦੀਆਂ ਤਿੰਨੇ ਬਲਾਕ ਸੰਮਤੀਆਂ ਵਿੱਚ ਪਈਆਂ ਵੋਟਾਂ ਦੀ ਗੱਲ ਕੀਤੀ ਜਾਵੇ ਤਾਂ ਅਕਾਲੀ ਦਲ ਦੂਜੇ ਨੰਬਰ ਤੇ ਹੈ ਜਦੋਂਕਿ ਕਾਂਗਰਸ ਤੀਜੇ ਨੰਬਰ ਤੇ ਪਿਛੜ ਗਈ ਹੈ ਅਤੇ ਭਾਰਤੀ ਜਨਤਾ ਪਾਰਟੀ ਚੌਥੇ ਨੰਬਰ ਤੇ ਰਹੀ ਹੈ। ਹਾਲਾਂਕਿ ਜੇਕਰ ਸੀਟਾਂ ਦੀ ਗੱਲ ਕੀਤੀ ਜਾਵੇ ਤਾਂ ਇਹਨਾਂ ਤਿੰਨੇ ਬਲਾਕ ਸੰਮਤੀਆਂ ਦੀਆਂ ਕੁਲ

52 ਸੀਟਾਂ ਵਿੱਚੋਂ ਪੰਜਾਬ ਦੀ ਸੱਤਾਧਾਰੀ ਪਾਰਟੀ ਆਪ ਨੂੰ 24, ਕਾਂਗਰਸ ਨੂੰ 14 ਅਤੇ ਅਕਾਲੀ ਦਲ ਬਾਦਲ ਨੂੰ 12 ਸੀਟਾਂ ਮਿਲੀਆਂ ਹਨ ਜਦੋਂਕਿ 2 ਸੀਟਾਂ ਤੇ ਆਜਾਦ ਉਮੀਦਵਾਰਾਂ ਨੇ ਜਿੱਤ ਹਾਸਿਲ ਕੀਤੀ ਹੈ। ਵੋਟਾਂ ਦੀ ਗਿਣਤੀ ਦੇ ਅੰਕੜੇ ਦੱਸਦੇ ਹਨ ਕਿ ਅਕਾਲੀ ਦਲ ਨੇ ਮਾਜਰੀ ਬਲਕ ਵਿੱਚ ਜਿੱਥੇ 8 ਸੀਟਾਂ ਜਿੱਤੀਆਂ ਹਨ ਉੱਥੇ ਚਾਰ ਸੀਟਾਂ ਵਿੱਚ ਉਸਦੇ ਉਮੀਦਵਾਰ ਦੂਜੇ ਨੰਬਰ ਤੇ ਰਹੇ ਹਨ। ਖਰੜ ਬਲਾਕ ਵਿੱਚ ਅਕਾਲੀ ਦਲ ਵਿੱਚੋਂ 15 ਵਿੱਚੋਂ 10 ਵਾਰਡਾਂ ਤੇ ਚੋਣ ਲੜੀ ਗਈ ਸੀ ਅਤੇ ਅਕਾਲੀ ਦਲ ਸਿਰਫ ਦੋ ਸੀਟਾਂ ਪ੍ਰਾਪਤ ਕਰ ਸਕਿਆ ਹੈ, ਹਾਲਾਂਕਿ ਖਰੜ ਬਲਾਕ ਦੀਆਂ ਚਾਰ ਸੀਟਾਂ ਤੇ ਉਸਦੇ ਉਮੀਦਵਾਰ ਦੂਜੇ ਨੰਬਰ ਤੇ ਰਹੇ ਹਨ। ਡੇਰਾਬਸੀ ਬਲਾਕ ਵਿੱਚ ਅਕਾਲੀ ਦਲ ਵਲੋਂ ਸਾਰੀਆਂ 22 ਸੀਟਾਂ ਤੇ ਆਪਣੇ ਉਮੀਦਵਾਰ ਖੜ੍ਹੇ ਕੀਤੇ ਗਏ ਸਨ। ਪਾਰਟੀ ਨੂੰ ਇੱਥੇ ਵੀ ਸਿਰਫ ਦੋ ਸੀਟਾਂ ਤੇ ਜਿੱਤ ਹਾਸਿਲ ਹੋਈ ਹੈ ਅਤੇ 7 ਸੀਟਾਂ ਤੇ ਉਸਦੇ ਉਮੀਦਵਾਰ ਦੂਜੇ ਨੰਬਰ ਤੇ ਰਹੇ ਹਨ। ਅਕਾਲੀ ਦਲ ਨੂੰ ਪਈਆਂ ਵੋਟਾਂ ਦੀ ਗੱਲ ਕੀਤੀ ਜਾਵੇ ਤਾਂ ਪਾਰਟੀ ਨੂੰ ਅਤੇ ਮਾਜਰੀ ਬਲਾਕ ਦੀਆਂ ਕੁੱਲ ਗਿਣਤੀ ਕੀਤੀਆਂ ਗਈਆਂ 37674 ਵਿੱਚੋਂ ਲਗਭਗ ਇੱਕ ਤਿਹਾਈ (12614) ਵੋਟਾਂ ਮਿਲੀਆਂ ਹਨ ਜਦੋਂਕਿ ਡੇਰਾਬਸੀ ਵਿੱਚ ਉਸਨੂੰ 50177 ਵਿੱਚੋਂ 12078 (ਲਗਭਗ 24 ਫੀਸਦੀ) ਅਤੇ ਖਰੜ ਬਲਾਕ ਵਿੱਚ ਉਸਨੂੰ 25406 ਵਿੱਚੋਂ 5423 (21 ਫੀਸਦੀ) ਵੋਟਾਂ ਮਿਲੀਆਂ ਹਨ। ਪਾਰਟੀ ਦੀ ਹਾਲਤ ਵਿੱਚ ਹੋਏ ਸੁਧਾਰ ਕਾਰਨ ਅਕਾਲੀ ਦਲ ਦੇ ਆਗੂ ਵੀ ਜੋਸ਼ ਵਿੱਚ ਨਜਰ ਆ ਰਹੇ ਹਨ ਅਤੇ ਉਹਨਾਂ ਦਾ ਦਾਅਵਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦਾ ਪਿੰਡਾਂ ਵਿਚਲਾ ਮਜਬੂਤ ਆਧਾਰ ਮੁੜ ਕਾਇਮ ਹੋ ਗਿਆ ਹੈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com
ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਵਿਦਿਆਰਥੀਆਂ ਨਾਲ ਭਰੀ ਬੱਸ ਨੂੰ ਲੱਗੀ ਅੱਗ, ਜਾਨੀ ਨੁਕਸਾਨ ਤੋਂ ਬਚਾਅ

ਦੇਹਰਾਦੂਨ। ਤਾਮਿਲਨਾਡੂ ਤੋਂ ਉੱਤਰਾਖੰਡ ਘੁੰਮਣ ਆਏ ਵਿਦਿਆਰਥੀਆਂ ਨਾਲ ਭਰੀ ਬੱਸ ਨੂੰ ਸ਼ਿਮਲਾ ਬਾਈਪਾਸ ਰੋਡ ਤੇ ਅੱਗ ਲੱਗ ਗਈ। ਤੁਰੰਤ ਵਿਦਿਆਰਥੀਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ। ਫਾਇਰ ਬ੍ਰਿਗੇਡ ਦੀ ਟੀਮ ਨੇ ਮੌਕੇ ਤੇ ਪਹੁੰਚ ਕੇ ਅੱਗ ਤੇ ਕਾਬੂ ਪਾਇਆ। ਪੁਲੀਸ ਅਨੁਸਾਰ ਤਾਮਿਲਨਾਡੂ ਤੋਂ ਵਿਦਿਆਰਥੀਆਂ ਦਾ ਇੱਕ ਦਲ ਘੁੰਮਣ ਲਈ ਹਰਿਦੁਆਰ ਪਹੁੰਚਿਆ ਸੀ। ਅੱਜ ਵਿਦਿਆਰਥੀ ਹਰਿਦੁਆਰ ਤੋਂ ਮਨਾਲੀ ਲਈ ਰਵਾਨਾ ਹੋ ਰਹੇ ਸਨ। ਸ਼ਿਮਲਾ ਬਾਈਪਾਸ ਰੋਡ ਤੇ ਸੇਂਟ ਜਿਉਡਸ ਚੌਕ ਦੇ ਕੋਲ ਜਦੋਂ ਬੱਸ ਵਿੱਚੋਂ ਧੂੰਆਂ ਨਿਕਲਣ ਲੱਗਿਆ ਤਾਂ ਤੁਰੰਤ ਵਿਦਿਆਰਥੀਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ। ਪੁਲੀਸ ਅਤੇ ਫਾਇਰ ਬ੍ਰਿਗੇਡ ਦੀ ਟੀਮ ਨੇ ਬਚਾਅ ਮੁਹਿੰਮ ਚਲਾਈ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : Devinder Chander
Mob: 07878 456 484
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

ਰੁਪਿਆ 12 ਪੈਸੇ ਮਜ਼ਬੂਤ ਹੋ ਕੇ 90.26 ਪ੍ਰਤੀ ਡਾਲਰ 'ਤੇ ਬੰਦ

ਨਵੀਂ ਦਿੱਲੀ। ਵੀਰਵਾਰ ਨੂੰ ਅਮਰੀਕੀ ਡਾਲਰ ਦੇ ਮੁਕਾਬਲੇ ਰੁਪਿਆ 12 ਪੈਸੇ ਮਜ਼ਬੂਤ ਹੋ ਕੇ 90.26 ਪ੍ਰਤੀ ਡਾਲਰ 'ਤੇ ਬੰਦ ਹੋਇਆ। ਭਾਰਤੀ ਰਿਜ਼ਰਵ ਬੈਂਕ (ਭੀ) ਦੇ ਸੰਭਾਵਿਤ ਦਖਲ ਨਾਲ ਵਿਦੇਸ਼ੀ ਬਾਜ਼ਾਰ ਵਿੱਚ ਅਮਰੀਕੀ ਮੁਦਰਾ ਦੀ ਵਿਆਪਕ ਮਜ਼ਬੂਤੀ ਦੇ ਬਾਵਜੂਦ ਘਰੇਲੂ ਮੁਦਰਾ ਵਾਧੇ 'ਚ ਰਹੀ।ਫਾਰੇਕਸ ਵਪਾਰੀਆਂ ਨੇ ਕਿਹਾ ਕਿ ਘਰੇਲੂ ਮੁਦਰਾ ਨੂੰ ਹੇਠਲੇ ਪੱਧਰ 'ਤੇ ਸਮਰਥਨ ਮਿਲਿਆ ਕਿਉਂਕਿ ਬ੍ਰੈਂਟ ਕੱਚੇ ਤੇਲ ਦੀਆਂ ਕੀਮਤਾਂ ਪ੍ਰਤੀ ਬੈਰਲ ਸ਼ $59 ਦੇ ਆਸਪਾਸ ਰਹੀਆਂ। ਹਾਲਾਂਕਿ, ਡਾਲਰ ਸੂਚਕਾਂਕ ਵਿੱਚ ਰਿਕਵਰੀ ਅਤੇ ਘਰੇਲੂ ਬਾਜ਼ਾਰਾਂ ਵਿੱਚ ਕਮਜ਼ੋਰੀ ਨੇ ਤੇਜ਼ ਵਾਧੇ ਨੂੰ ਸੀਮਤ ਕਰ ਦਿੱਤਾ। ਅੰਤਰਬੈਂਕ ਵਿਦੇਸ਼ੀ ਮੁਦਰਾ ਬਾਜ਼ਾਰ ਵਿੱਚ ਰੁਪਿਆ ਅਮਰੀਕੀ ਡਾਲਰ ਦੇ ਮੁਕਾਬਲੇ 90.35 'ਤੇ ਖੁੱਲ੍ਹਿਆ। ਫਿਰ ਇਹ ਕੁਝ ਹੱਦ ਤੱਕ ਠੀਕ ਹੋ ਗਿਆ ਅਤੇ 90.04 ਪ੍ਰਤੀ ਡਾਲਰ ਦੇ ਇੰਟਰਾਡੇ ਉੱਚ ਪੱਧਰ 'ਤੇ ਪਹੁੰਚ ਗਿਆ, ਜੋ ਪਿਛਲੇ ਬੰਦ ਤੋਂ 34 ਪੈਸੇ ਦਾ ਵਾਧਾ ਦਰਸਾਉਂਦਾ ਹੈ। ਇਹ ਅੰਤ ਵਿੱਚ ਪਿਛਲੇ ਬੰਦ ਤੋਂ 12 ਪੈਸੇ ਵੱਧ ਕੇ 90.26 ਪ੍ਰਤੀ ਡਾਲਰ 'ਤੇ ਬੰਦ ਹੋਇਆ। ਬੁੱਧਵਾਰ ਨੂੰ ਰੁਪਿਆ ਅਮਰੀਕੀ ਡਾਲਰ ਦੇ ਮੁਕਾਬਲੇ 90.38 ਪ੍ਰਤੀ ਡਾਲਰ 'ਤੇ ਬੰਦ ਹੋਇਆ ਸੀ। ਮੀਰਾਏ ਐਸੇਟ ਸ਼ੇਅਰਖਾਨ ਦੇ ਖੋਜ ਵਿਸ਼ਲੇਸ਼ਕ ਅਨੁਜ ਚੌਧਰੀ ਨੇ ਕਿਹਾ, "ਭਾਰਤੀ ਰਿਜ਼ਰਵ ਬੈਂਕ ਦੁਆਰਾ ਡਾਲਰ ਦੀ ਵਿਕਰੀ ਕਾਰਨ ਅਮਰੀਕੀ ਡਾਲਰ ਦੇ ਮੁਕਾਬਲੇ ਰੁਪਿਆ ਮਜ਼ਬੂਤ ਹੋਇਆ। ਇਹ ਦੱਸਿਆ ਜਾ ਰਿਹਾ ਹੈ ਕਿ ਆਰਬੀਆਈ ਨੇ ਵਿਦੇਸ਼ੀ ਮੁਦਰਾ ਬਾਜ਼ਾਰਾਂ ਵਿੱਚ ਦਖਲ ਦਿੱਤਾ ਅਤੇ ਰੁਪਏ ਵਿੱਚ ਹੋਰ ਗਿਰਾਵਟ ਨੂੰ ਰੋਕਣ ਲਈ ਡਾਲਰ ਵੇਚੇ।" ਚੌਧਰੀ ਨੇ ਕਿਹਾ ਕਿ ਅਮਰੀਕੀ ਡਾਲਰ/ਭਾਰਤੀ ਰੁਪਏ ਦੀ ਸਪਾਟ ਕੀਮਤ 90 ਤੋਂ 90.60 ਦੇ ਦਾਇਰੇ ਵਿੱਚ ਰਹਿਣ ਦੀ ਉਮੀਦ ਹੈ।ਇਸ ਦੌਰਾਨ, ਡਾਲਰ ਸੂਚਕਾਂਕ, ਜੋ ਛੇ ਪ੍ਰਮੁੱਖ ਮੁਦਰਾਵਾਂ ਦੇ ਮੁਕਾਬਲੇ ਅਮਰੀਕੀ ਡਾਲਰ ਦੀ ਸਥਿਤੀ ਦਾ ਮੁਲਾਂਕਣ ਕਰਦਾ ਹੈ, 0.16 ਪ੍ਰਤੀਸ਼ਤ ਵਧ ਕੇ 98.52 'ਤੇ ਪਹੁੰਚ ਗਿਆ। ਘਰੇਲੂ ਸਟਾਕ ਮਾਰਕੀਟ ਦੇ ਮੋਰਚੇ 'ਤੇ, ਸੈਂਸੈਕਸ 77.84 ਅੰਕ ਡਿੱਗ ਕੇ 84,481.81 'ਤੇ ਆ ਗਿਆ, ਜਦੋਂ ਕਿ ਨਿਫਟੀ ਤਿੰਨ ਅੰਕ ਡਿੱਗ ਕੇ 25,815.55 'ਤੇ ਆ ਗਿਆ। ਅੰਤਰਰਾਸ਼ਟਰੀ ਬੈਂਚਮਾਰਕ ਬ੍ਰੈਂਟ ਕੱਚਾ ਤੇਲ 0.35 ਪ੍ਰਤੀਸ਼ਤ ਵਧ ਕੇ $59.89 ਪ੍ਰਤੀ ਬੈਰਲ 'ਤੇ ਆ ਗਿਆ। ਸਟਾਕ ਮਾਰਕੀਟ ਦੇ ਅੰਕੜਿਆਂ ਅਨੁਸਾਰ, ਵਿਦੇਸ਼ੀ ਸੰਸਥਾਗਤ ਨਿਵੇਸ਼ਕ (FII) ਬੁੱਧਵਾਰ ਨੂੰ ਖਰੀਦਦਾਰ ਸਨ ਅਤੇ ਉਨ੍ਹਾਂ ਨੇ 1,171.71 ਕਰੋੜ ਰੁਪਏ ਦੇ ਸ਼ੇਅਰ ਖਰੀਦੇ।

ਧੁੰਦ ਕਾਰਨ ਰੱਦ ਹੋਇਆ ਲਖਨਊ 'ਚ ਖੇਡਿਆ ਜਾਣ ਵਾਲਾ ਟੀ-20 ਮੈਚ

ਨਵੀਂ ਦਿੱਲੀ । ਭਾਰਤ ਅਤੇ ਸਾਊਥ ਅਫਰੀਕਾ ਦਰਮਿਆਨ ਖੇਡਿਆ ਜਾਣ ਵਾਲਾ ਚੌਥਾ ਟੀ-20 ਮੈਚ ਬੀਤੀ ਰਾਤ ਰੱਦ ਹੋ ਗਿਆ। ਪਰ ਇਸ ਮੈਚ ਨੂੰ ਦੇਖਣ ਲਈ ਲਈ ਇੱਕ ਕ੍ਰਿਕਟ ਪ੍ਰੇਮੀ ਨੇ ਕਣਕ ਵੇਚ ਕੇ ਟਿਕਟ ਖਰੀਦੀ ਸੀ ਜਦਿਕ ਇੱਕ ਕ੍ਰਿਕਟ ਪ੍ਰੇਮੀ ਨੇਪਾਲ ਤੋਂ ਲਖਨਊ ਸਿਰਫ਼ ਮੈਚ ਵੇਖਣ ਆਇਆ ਸੀ ਪਰ ਸੰਘਣੀ ਧੁੰਦ ਕਾਰਨ ਮੈਚ ਰੱਦ ਹੋ ਗਿਆ। ਨਿਰਾਸ਼ ਕ੍ਰਿਕਟ ਪ੍ਰੇਮੀਆਂ ਨੇ ਟਿਕਟ ਦੇ ਪੈਸੇ ਮੰਗਣੇ ਸ਼ੁਰੂ ਕਰ ਦਿੱਤੇ ਸਨ ਪਰ ਹੁਣ ਬੀ.ਸੀ.ਸੀ.ਆਈ. ਉਨ੍ਹਾਂ ਦੇ ਪੈਸੇ ਵਾਪਸ ਕਰੇਗੀ।

'ਕਰਜ਼ੇ ਬਦਲੇ ਕਿਡਨੀ': ਸਾਹੂਕਰਾਂ ਨੇ ਕਰਜ਼ਾ ਚੁਕਾਉਣ ਵਾਸਤੇ ਕਿਸਾਨ ਨੂੰ ਕਿਡਨੀ ਵੇਚਣ ਲਈ ਕੀਤਾ ਮਜਬੂਰ

ਸਾਹੂਕਾਰਾਂ ਨੇ 50 ਹਜ਼ਾਰ ਦੇ ਕਰਜ਼ੇ ਨੂੰ ਚਾਰ ਸਾਲ ਬਾਅਦ ਬਣਾ ਦਿਤਾ 74 ਲੱਖ

ਚੰਦਰਪੁਰ । ਮਹਾਰਾਸ਼ਟਰ ਦੇ ਚੰਦਰਪੁਰ ਜ਼ਿਲ੍ਹੇ ਦੇ ਜਿਸ ਕਿਸਾਨ ਨੇ ਦਾਅਵਾ ਕੀਤਾ ਸੀ ਕਿ ਉਸ ਨੂੰ ਕਰਜ਼ ਦਾ ਇਕ ਹਿੱਸਾ ਚੁਕਾਉਣ ਲਈ ਅਪਣੀ ਕਿਡਨੀ ਵੇਚਣ ਲਈ ਮਜਬੂਰ ਕੀਤਾ ਗਿਆ, ਉਸ ਦੀ ਮੈਡੀਕਲ ਜਾਂਚ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਉਸ ਦੇ ਸਰੀਰ ਵਿਚ ਸਿਰਫ਼ ਇਕ ਹੀ ਕਿਡਨੀ ਹੈ। ਪੁਲਿਸ ਨੇ ਇਹ ਜਾਣਕਾਰੀ ਦਿਤੀ। ਇਕ ਸੀਨੀਅਰ ਪੁਲੀਸ ਅਧਿਕਾਰੀ ਨੇ ਦਸਿਆ ਕਿ ਕਿਸਾਨ ਰੋਸ਼ਨ ਕੁੜੇ ਦੀ ਬੁਧਵਾਰ ਨੂੰ ਚੰਦਰਪੁਰ ਮੈਡੀਕਲ ਕਾਲਜ ਅਤੇ ਹਸਪਤਾਲ ਵਿਚ ਸਿਹਤ ਜਾਂਚ ਕੀਤੀ ਗਈ ਸੀ, ਜਿਸ ਤੋਂ ਬਾਅਦ ਡਾਕਟਰ ਇਸ ਨਤੀਜੇ 'ਤੇ ਪਹੁੰਚੇ ਕਿ ਉਸ ਦੀ ਇਕ ਕਿਡਨੀ ਗ਼ਾਇਬ ਹੈ। ਦਰਸਲ ਕੁੜੇ ਨੇ ਦਾਅਵਾ ਕੀਤਾ ਸੀ ਕਿ ਉਸ ਨੂੰ ਚਾਰ ਸ਼ਾਹੂਕਾਰਾਂ ਤੋਂ ਲਏ ਕਰਜ਼ੇ ਦੀ ਅਦਾਇਗੀ ਕਰਨ ਲਈ ਕਿਡਨੀ ਵੇਚਣ ਲਈ ਮਜਬੂਰ ਕੀਤਾ ਗਿਆ ਸੀ। ਕਿਸਾਨ ਦੇ ਦਾਅਵੇ ਬਾਅਦ ਪੁਲਿਸ ਨੇ ਜਾਂਚ ਸ਼ੁਰੂ ਕੀਤੀ ਅਤੇ ਛੇ ਸ਼ਾਹੂਕਾਰਾਂ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਿਸ ਅਧਿਕਾਰੀ ਨੇ ਦਸਿਆ ਕਿ ਛੇ ਵਿਚੋਂ ਪੰਜ ਮੁਲਜ਼ਮਾਂ ਨੂੰ 20 ਦਸੰਬਰ ਤਕ ਪੁਲਿਸ ਹਿਰਾਸਤ ਵਿਚ ਭੇਜ ਦਿਤਾ ਗਿਆ ਹੈ। ਨਾਗਭੀੜ ਤਹਿਸੀਲ ਦੇ ਪਿੰਡ ਮਿੰਥੁਰ ਦੇ ਰਹਿਣ ਵਾਲੇ ਰੋਸ਼ਨ ਕੁੜੇ (29) ਕੋਲ ਚਾਰ ਏਕੜ ਖੇਤੀਬਾੜੀ ਵਾਲੀ ਜ਼ਮੀਨ ਹੈ। ਖੇਤੀ ਵਿਚ ਹੋਏ ਨੁਕਸਾਨ ਕਾਰਨ ਉਸ ਨੇ ਇਕ ਸਹਾਇਕ ਧੰਦਾ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਅਤੇ ਡੇਅਰੀ ਫ਼ਾਰਮਿੰਗ ਲਈ ਗਾਵਾਂ ਖ਼ਰੀਦੀਆਂ। ਕੁੜੇ ਨੇ ਪੁਲਿਸ ਨੂੰ ਦਸਿਆ ਕਿ ਉਸ ਨੇ 2021 ਵਿਚ ਦੋ ਸ਼ਾਹੂਕਾਰਾਂ ਤੋਂ 40 ਫ਼ੀ ਸਦੀ ਵਿਆਜ 'ਤੇ 50 ਹਜ਼ਾਰ ਰੁਪਏ ਉਧਾਰ ਲਏ ਸਨ।

ਸ਼ਾਹੂਕਾਰਾਂ ਨੇ ਬਾਅਦ ਵਿਚ ਕਥਿਤ ਤੌਰ 'ਤੇ ਦਾਅਵਾ ਕੀਤਾ ਕਿ ਹੁਣ ਚਾਰ ਸਾਲ ਬਾਅਦ ਵਿਆਜ ਸਮੇਤ ਇਹ ਰਕਮ ਵਧ ਕੇ 74 ਲੱਖ ਰੁਪਏ ਹੋ ਗਈ ਹੈ। ਕਿਸਾਨ ਨੇ ਦਸਿਆ ਕਿ ਇਕ ਸ਼ਾਹੂਕਾਰ ਨੇ ਉਸ ਨੂੰ ਕਰਜ਼ਾ ਚੁਕਾਉਣ ਲਈ ਕਿਡਨੀ ਵੇਚਣ ਦੀ ਸਲਾਹ ਦਿਤੀ, ਇਸ ਤੋਂ ਬਾਅਦ ਉਸ ਨੇ ਇੰਟਰਨੈੱਟ ਰਾਹੀਂ ਇਕ ਏਜੰਟ ਨਾਲ ਸੰਪਰਕ ਕੀਤਾ। ਏਜੰਟ ਕੁੜੇ ਨੂੰ ਕੋਲਕਾਤਾ ਲੈ ਗਿਆ, ਜਿੱਥੇ ਇਕ ਡਾਕਟਰ ਦੁਆਰਾ ਮੈਡੀਕਲ ਜਾਂਚ ਤੋਂ ਬਾਅਦ ਉਹ ਕੰਬੋਡੀਆ ਗਿਆ, ਜਿੱਥੇ ਉਸ ਦੀ ਕਿਡਨੀ ਕੱਢੀ ਗਈ। ਕੁੜੇ ਨੇ ਪੁਲਿਸ ਨੂੰ ਦਸਿਆ ਕਿ ਕਿਡਨੀ ਦੇ ਬਦਲੇ ਵਿਚ ਉਸ ਨੂੰ 8 ਲੱਖ ਰੁਪਏ ਮਿਲੇ ਸਨ। ਮੁਲਜ਼ਮ ਸ਼ਾਹੂਕਾਰਾਂ ਦੀ ਪਛਾਣ ਕਿਸ਼ੋਰ ਬਾਵਨਕੁਲੇ, ਪ੍ਰਦੀਪ ਬਾਵਨਕੁਲੇ, ਸੰਜੇ ਬੱਲਾਰ-ਪੁਰੇ, ਲਕਸ਼ਮਣ ਉਰਕੁੜੇ, ਮਨੀਸ਼ ਘਾਟਬੰਧੇ ਅਤੇ ਸਤਿਆਵਾਨ ਬੋਰਕਰ ਵਜੋਂ ਹੋਈ ਹੈ। ਬ੍ਰਹਮਪੁਰੀ ਪੁਲਿਸ ਥਾਣੇ ਵਿਚ ਮਾਮਲਾ ਦਰਜ ਕਰ ਲਿਆ ਗਿਆ ਹੈ। ਚੰਦਰਪੁਰ ਦੇ ਐਸ.ਪੀ ਸੁਦਰਸ਼ਨ ਮੁੰਮਾਕਾ ਨੇ ਦਸਿਆ ਕਿ ਪੁਲਿਸ ਵਿੱਤੀ ਲੈਣ-ਦੇਣ ਦੀ ਜਾਂਚ ਕਰ ਰਹੀ ਹੈ ਅਤੇ ਕਿਸਾਨ ਤੋਂ ਸਾਰੀ ਜਾਣਕਾਰੀ ਮੰਗੀ ਗਈ ਹੈ।

SHAM LAL CHANDER
ID no. 921760
BUILDING MAINTENANCE HANDYMAN
(CHECKATRADE)

Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : -
Repairs/Replacement of Bathrooms accessories (sink, taps, tubs, showers, Toilets etc.

ELECTRICIAN :-
Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: -
Plastering, skimming, Brick Work, Slabs Lying, Drive Ways, Roof maintenance etc.

CARPENTRY: -
Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

ਸਰਕਾਰੀ ਕੰਨਿਆ ਹਾਈ ਸਕੂਲ ਨਵੀਂ ਆਬਾਦੀ ਵਿਖੇ ਸਾਲਾਨਾ ਸਮਾਗਮ ਕਰਵਾਇਆ

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਅੱਜ ਸ.ਕੰ.ਹਾ.ਸਕੂਲ ਨਵੀਂ ਅਬਾਦੀ ਵਿਖੇ ਸਾਲ 2025-26 ਅਕਾਦਮਿਕ ਸਾਲ ਨਾਲ ਸੰਬੰਧਿਤ ਸਲਾਨਾ ਸਮਾਗਮ ਮਨਾਇਆ ਗਿਆ। ਜਿਸ ਵਿੱਚ ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀਮਤੀ ਹਰਜਿੰਦਰ ਕੌਰ ਜੀ (ਐਲੀ. ਸਿੱਖਿਆ ਹਸ਼ਿ.) ਮੁੱਖ ਮਹਿਮਾਨ ਦੇ ਤੌਰ ਤੇ ਹਾਜ਼ਰ ਹੋਏ। ਇਸ ਸਮਾਗਮ ਦੀ ਸ਼ਾਨ ਉੱਘੇ ਸਮਾਜ ਸੁਧਾਰਕ ਪਰਮਜੀਤ ਸਿੰਘ ਸਚਦੇਵਾ ਨੇ ਵਿਸ਼ੇਸ਼ ਸ਼ਿਰਕਤ ਕੀਤੀ। ਇਸ ਸਮਾਗਮ ਵਿੱਚ ਐਡਵੋਕੇਟ ਅਸ਼ੀਸ਼ ਜੋਤੀ ਅਤੇ ਦੀ ਬਲਵੀਰ ਸਿੰਘ ਪੈਰਾ ਲੀਗਲ ਵਲੰਟੀਅਰ ਨੇ ਵਿਦਿਆਰਥਣਾਂ ਨੂੰ ਭਵਿੱਖ ਵਿੱਚ ਅੱਗੇ ਵਧਣ ਲਈ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਸੰਬੰਧਿਤ ਕਨੂੰਨੀ ਜਾਣਕਾਰੀ ਦੀ ਦਿੱਤੀ । ਸਮਾਗਮ ਵਿੱਚ ਉੱਘੇ ਸਿੱਖਿਆ ਸ਼ਾਸ਼ਤਰੀ ਸ੍ਰੀਮਤੀ ਸੁਮਨ ਅਤੇ ਸਮਾਜ ਸੇਵੀ ਰਜਿੰਦਰ ਪ੍ਰਸਾਦ ਵੀ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਸਾਰੇ ਮਹਿਮਾਨਾਂ ਨੇ ਆਪਣੇ ਕੀਮਤੀ ਵਿਚਾਰ ਵਿਦਿਆਰਥਣਾਂ ਨਾਲ ਸਾਂਝੇ ਕੀਤੇ । ਸਮਾਗਮ ਦੀ ਸ਼ੁਰੂਆਤ ਸ਼ਬਦ ਗਾਇਨ ਤੋਂ ਕੀਤੀ ਗਈ । ਸਮਾਗਮ ਵਿੱਚ ਵਿਦਿਆਰਥਣਾਂ ਨੇ ਸੱਭਿਆਚਾਰਕ ਗੀਤ, ਨਾਚ ਥੀਮ ਅਧਾਰਿਤ ਡਰਾਮਾ, ਸਕਿੱਟ, ਨੁੱਕੜ ਨਾਟਕ, ਸਟੋਰੀ ਟੈਲਿੰਗ, ਕਵਿਤਾ ਗਾਇਨ ਗਿੱਧਾ, ਭੰਗੜਾ ਅਤੇ ਹੋਰ ਵੰਨਗੀਆਂ ਪੇਸ਼ ਕੀਤੀਆਂ । ਇਸ ਸਮਾਗਮ ਵਿੱਚ ਸਟੇਜ ਸੰਚਾਲਨ ਦੀ ਭੂਮਿਕਾ ਸ੍ਰੀਮਤੀ ਆਸੂ ਵਾਲੀਆ ਜੀ ਨੇ ਸ਼ਾਇਰੋ-ਸ਼ਾਇਰੀ ਨਾਲ ਬਾਕਮਾਲ ਨਿਭਾਈ। ਸਾਲ 2024-25 ਦੇ ਵੱਖ ਵੱਖ ਖੇਤਰਾਂ ਵਿੱਚ ਉਪਲਬਧੀਆਂ ਹਾਸਲ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਹਰਜਿੰਦਰ ਕੌਰ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀ. ਸਿੱਖਿਆ ਹੁਸ਼ਿ.) ਵਲੋਂ ਇਨਾਮ ਤਕਸੀਮ ਕੀਤੇ ਗਏ। ਇਸ ਮੌਕੇ ਹਰਜਿੰਦਰ ਕੌਰ ਜ਼ਿਲ੍ਹਾ ਸਿੱਖਿਆ ਅਫਸਰ ਅਤੇ ਉੱਘੇ ਸਮਾਜ ਸੇਵੀ ਪਰਮਜੀਤ ਸਿੰਘ ਸਚਦੇਵਾ ਵਲੋਂ ਸਕੂਲ ਦੀ ਸਲਾਨਾ ਮੈਗਜੀਨ 'ਧੀਆਂ ਦੇ ਅਲਫਾਜ਼ੇ ਦਾ ਪੰਜਵਾਂ ਐਡੀਸ਼ਨ ਰਿਲੀਜ਼ ਕੀਤਾ ਗਿਆ। ਉਹਨਾਂ ਵਲੋਂ ਵਿਦਿਆਰਥਣਾਂ ਨੂੰ ਹੋਰ ਮਿਹਨਤ ਕਰਨ ਦੀ ਪ੍ਰੇਰਨਾ ਦਿੱਤੀ ਅਤੇ ਭਵਿੱਖ ਵਿੱਚ ਅੱਗੇ ਵਧਣ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਸਮਾਗਮ ਦੇ ਅੰਤ ਵਿੱਚ ਮਨਿੰਦਰਜੀਤ ਕੌਰ ਨੇ ਸਾਲ 2024-25 ਦੀ ਸਲਾਨਾ ਰਿਪੋਰਟ ਪੜ੍ਹੀ ਅਤੇ ਸਮੁੱਚੇ ਸਾਲ ਦਾ ਲੇਖਾ ਜੋਖਾ ਦੱਸਿਆ। ਸਮਾਗਮ ਦੀ ਮੁੱਠ ਮੁੱਖ ਖਿੱਚ ਮੁੱਖ ਅਧਿਆਪਕਾ ਦੀਪਤੀ ਦਾ ਭਾਸ਼ਣ ਰਿਹਾ ਜਿਨ੍ਹਾਂ ਨੇ ਆਪਣੇ ਪ੍ਰਤੀ ਤਜਰਬਿਆਂ ਬਾਰੇ ਦੱਸਿਆ ਅਤੇ ਆਏ ਮੁੱਖ ਮਹਿਮਾਨ ਅਤੇ ਹੋਰ ਮਹਿਮਾਨਾਂ, ਮਾਪਿਆਂ ਅਧਿਆਪਕਾਂ ਅਤੇ ਵਿਦਿਆਰਥਣਾਂ ਦਾ ਧੰਨਵਾਦ ਕੀਤਾ। ਇਸ ਸਮਾਗਮ ਵਿੱਚ ਸਮੂਹ ਅਧਿਆਪਕ, ਸਮੂਹ ਵਿਦਿਆਰਥਣਾਂ, ਵਿਦਿਆਰਥਣਾਂ ਦੇ ਮਾਪੇ ਸਹਿਬਾਨ ਅਤੇ ਸੀ.ਐਚ.ਟੀ ਮੋਨਿਕਾ ਜੈਨ ਵੀ ਹਾਜ਼ਰ ਰਹੇ । ਇਸ ਤਰ੍ਹਾਂ ਇਹ ਸਮਾਗਮ ਯਾਦਗਾਰੀ ਹੋ ਨਿੱਬੜਿਆ ।

ਚੱਬੇਵਾਲ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਵਿੱਚ ਵਿਰੋਧੀ ਪਾਰਟੀਆਂ ਦਾ ਪੂਰੀ ਤਰ੍ਹਾਂ ਸਫਾਇਆ

ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ) ਚੱਬੇਵਾਲ ਵਿਧਾਨ ਸਭਾ ਹਲਕੇ ਵਿੱਚ ਅੱਜ ਰਾਜਨੀਤੀ ਅਤੇ ਚੋਣਾਂ ਦਾ ਇੱਕ ਨਵਾਂ ਇਤਿਹਾਸ ਰਚਿਆ ਗਿਆ, ਜਿਸ ਵਿੱਚ ਚਾਰੇ ਜ਼ਿਲ੍ਹਾ ਪ੍ਰੀਸ਼ਦ ਸੀਟਾਂ ਜਿੱਤ ਕੇ 100% ਜਿੱਤ ਪ੍ਰਾਪਤ ਕੀਤੀ ਗਈ ਅਤੇ 34 ਬਲਾਕ ਸੰਮਤੀ ਸੀਟਾਂ ਵਿੱਚੋਂ 30 ਜਿੱਤ ਕੇ ਇੱਕ ਨਵਾਂ ਰਿਕਾਰਡ ਕਾਇਮ ਕੀਤਾ ਗਿਆ। ਹੋਰ ਪਾਰਟੀਆਂ ਦੇ ਉਮੀਦਵਾਰਾਂ ਨੇ ਚੱਬੇਵਾਲ ਵਿੱਚ ਸਿਰਫ਼ ਚਾਰ ਸੀਟਾਂ ਜਿੱਤੀਆਂ, ਅਤੇ ਇਹ ਧਿਆਨ ਦੇਣ ਯੋਗ ਹੈ ਕਿ ਕਾਂਗਰਸ ਪਾਰਟੀ ਆਪਣਾ ਖਾਤਾ ਵੀ ਨਹੀਂ ਖੋਲ੍ਹ ਸਕੀ। ਇਹ ਨਾ ਸਿਰਫ਼ ਚੱਬੇਵਾਲ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਦੇ ਸਮਰਥਨ ਵਿੱਚ ਚੱਬੇਵਾਲ ਦੇ ਲੋਕਾਂ ਵੱਲੋਂ ਦਿੱਤਾ ਗਿਆ ਫੈਸਲਾ ਹੈ, ਸਗੋਂ ਉਨ੍ਹਾਂ ਦੇ ਹਲਕੇ ਵਿੱਚ ਉਨ੍ਹਾਂ ਦੇ ਕੰਮ ਅਤੇ ਭਰੋਸੇਯੋਗਤਾ ਦਾ ਜਨਤਕ ਸਮਰਥਨ ਵੀ ਹੈ। ਇਸ ਚੋਣ ਨੇ ਇਹ ਵੀ ਸਾਬਤ ਕਰ ਦਿੱਤਾ ਹੈ ਕਿ ਡਾ. ਇਸ਼ਾਂਕ, ਆਪਣੇ ਪਿਤਾ, ਚੱਬੇਵਾਲ ਦੇ ਸਾਬਕਾ ਵਿਧਾਇਕ ਅਤੇ ਮੌਜੂਦਾ ਸੰਸਦ ਮੈਂਬਰ ਡਾ. ਰਾਜ ਕੁਮਾਰ ਦੇ ਨਕਸ਼ੇ ਕਦਮਾਂ 'ਤੇ ਚੱਲਦੇ ਹੋਏ, ਆਪਣੇ ਕੰਮਾਂ ਅਤੇ ਆਪਣੇ ਕਿਰਦਾਰ ਨਾਲ ਲੋਕਾਂ ਦੇ ਦਿਲ ਜਿੱਤਣ ਵਿੱਚ ਸਫਲ ਹੋਏ ਹਨ। ਇਸ ਮੌਕੇ ਡਾ. ਇਸ਼ਾਂਕ ਕੁਮਾਰ ਨੇ ਜਨਤਾ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਹ ਜਿੱਤ ਉਨ੍ਹਾਂ ਲਈ ਸਿਰਫ਼ ਇੱਕ ਰਾਜਨੀਤਿਕ ਸਫਲਤਾ ਨਹੀਂ ਹੈ, ਸਗੋਂ ਉਨ੍ਹਾਂ ਦੇ ਅਥਾਹ ਪਿਆਰ, ਵਿਸ਼ਵਾਸ ਅਤੇ ਆਸ਼ੀਰਵਾਦ ਦਾ ਪ੍ਰਤੀਕ ਹੈ। ਵਿਧਾਇਕ ਨੇ ਕਿਹਾ ਕਿ ਇਸ ਅਥਾਹ ਸਮਰਥਨ ਨੇ ਉਨ੍ਹਾਂ ਦੇ ਦਿਲ ਨੂੰ ਛੂਹ ਲਿਆ ਹੈ ਅਤੇ ਉਨ੍ਹਾਂ ਨੂੰ ਹੋਰ ਵੀ ਵੱਡੀ ਜ਼ਿੰਮੇਵਾਰੀ, ਸਮਰਪਣ ਅਤੇ ਇਮਾਨਦਾਰੀ ਨਾਲ ਲੋਕਾਂ ਦੀ ਸੇਵਾ ਕਰਨ ਲਈ ਪ੍ਰੇਰਿਤ ਕੀਤਾ ਹੈ। ਇਨ੍ਹਾਂ ਭਾਵੁਕ ਸ਼ਬਦਾਂ ਨਾਲ ਚੱਬੇਵਾਲ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਚੱਬੇਵਾਲ ਦੇ ਲੋਕਾਂ ਅਤੇ ਉਨ੍ਹਾਂ ਦੇ ਸਾਰੇ ਸਾਥੀਆਂ ਦਾ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਇਨ੍ਹਾਂ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਵਿੱਚ ਪਾਰਟੀ ਉਮੀਦਵਾਰਾਂ ਦੀ ਸ਼ਾਨਦਾਰ ਅਤੇ ਇਤਿਹਾਸਕ ਜਿੱਤ ਜਨਤਾ ਦੇ ਵਿਸ਼ਵਾਸ, ਪਾਰਟੀ ਦੀਆਂ ਲੋਕ ਭਲਾਈ ਨੀਤੀਆਂ ਅਤੇ ਇਸ ਦੇ ਵਿਕਾਸ-ਮੁਖੀ ਪਹੁੰਚ ਦਾ ਸਪੱਸ਼ਟ ਪ੍ਰਮਾਣ ਹੈ। ਵਿਧਾਇਕ ਨੇ ਕਿਹਾ, "ਮੈਂ ਇਲਾਕੇ ਦੀਆਂ ਮਾਵਾਂ, ਭੈਣਾਂ, ਕਿਸਾਨਾਂ, ਨੌਜਵਾਨਾਂ ਅਤੇ ਸਮਾਜ ਦੇ ਹਰ ਵਰਗ ਦੇ ਲੋਕਾਂ ਅੱਗੇ ਝੁਕਦਾ ਹਾਂ। ਤੁਸੀਂ ਮੇਰੇ, ਡਾ. ਇਸ਼ਾਂਕ ਅਤੇ ਸਾਡੀ ਪਾਰਟੀ ਵਿੱਚ ਜੋ ਵਿਸ਼ਵਾਸ ਅਤੇ ਪਿਆਰ ਦਿਖਾਇਆ ਹੈ, ਉਹ ਸਾਡੀ ਸਭ ਤੋਂ ਵੱਡੀ ਤਾਕਤ ਹੈ।"

ਬੇਗਮਪੁਰਾ ਟਾਈਗਰ ਫੋਰਸ ਦੇ ਬਲਾਕ ਪ੍ਰਧਾਨ ਬਿੱਟੂ ਵਿਰਦੀ ਦੀ ਪਤਨੀ ਰੀਤੂ ਵਿਰਦੀ ਨੇ ਜਿੱਤੀ ਪੰਚਾਇਤ ਸੰਮਤੀ ਦੀ ਚੋਣ

ਇਹ ਜਿੱਤ ਇਲਾਕੇ ਦੇ ਸਮੂਹ ਵੋਟਰਾਂ,ਸਪੋਟਰਾਂ ਅਤੇ ਮਿਹਨਤੀ ਵਰਕਰਾਂ ਦੀ ਜਿੱਤ ਹੈ : ਸੰਮਤੀ ਮੈਂਬਰ ਰੀਤੂ

ਹੁਸ਼ਿਆਰਪੁਰ (ਤਰਸੇਮ ਦੀਵਾਨਾ) - ਬੀਤੇ ਦਿਨੀ ਪੰਜਾਬ ਵਿੱਚ ਹੋਈਆਂ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਵਿੱਚੋਂ ਜਿਲ੍ਹਾ ਹੁਸ਼ਿਆਰਪੁਰ ਦੇ ਜੋਨ ਨੰਬਰ 8 ਬੁਧਗੜ੍ਹ ਤੋ ਰੀਤੂ ਵਿਰਦੀ ਨੇ ਸੰਮਤੀ ਮੈਂਬਰ ਦੀ ਚੋਣ ਸ਼ਾਨਦਾਰ ਨਤੀਜੇ ਨਾਲ ਜਿੱਤੀ । ਜਿਸਦੇ ਨਾਲ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਇਸ ਜਿੱਤ ਤੋਂ ਬਾਅਦ ਬੇਗਮਪੁਰਾ ਟਾਈਗਰ ਫੋਰਸ ਦੇ ਆਗੂਆਂ ਅਤੇ ਵਰਕਰਾਂ ਵੱਲੋਂ ਜੇਤੂ ਉਮੀਦਵਾਰ ਰੀਤੂ ਵਿਰਦੀ ਦਾ ਜ਼ੋਰਦਾਰ ਸਵਾਗਤ ਕੀਤਾ ਗਿਆ। ਆਗੂਆਂ ਨੇ ਦੱਸਿਆ ਕਿ ਚੋਣ ਨਤੀਜਿਆਂ ਦਾ ਐਲਾਨ ਹੁੰਦੇ ਹੀ ਸਮਰਥਕਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਸੀ । ਇਸ ਮੌਕੇ ਇਲਾਕਾਂ ਨਿਵਾਸੀਆਂ ਤੇ ਬੇਗਮ-ਪੁਰਾ ਟਾਈਗਰ ਫੋਰਸ ਦੇ ਆਗੂਆਂ ਨੇ ਫੁੱਲਾਂ ਦੇ ਹਾਰ ਪਾ ਕੇ ਅਤੇ ਮਠਿਆਈ ਵੰਡ ਕੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ। ਜੇਤੂ ਰੀਤੂ ਨੇ ਕਿਹਾ ਕਿ ਇਹ ਜਿੱਤ ਇਲਾਕੇ ਦੇ ਲੋਕਾਂ ਵੱਲੋਂ ਮੇਰੇ ਪਤੀ ਬਿੱਟੂ ਵਿਰਦੀ ਦੀ ਸਮਾਜ ਸੇਵਾ ਦੀਆਂ ਨੀਤੀਆਂ 'ਤੇ ਮੋਹਰ ਹੈ। ਇਸ ਮੌਕੇ ਰੀਤੂ ਨੇ ਗੱਲਬਾਤ ਕਰਦਿਆਂ ਕਿਹਾ ਕਿ ਇਹ ਜਿੱਤ ਮੇਰੀ ਨਹੀਂ, ਸਗੋਂ ਇਲਾਕੇ ਦੇ ਸਮੂਹ ਵੋਟਰਾ, ਸਪੋਟਰਾਂ ਅਤੇ ਮਿਹਨਤੀ ਵਰਕਰਾਂ ਦੀ ਜਿੱਤ ਹੈ। ਉਹਨਾਂ ਕਿਹਾ ਕਿ ਅਸੀਂ ਹਮੇਸ਼ਾ ਲੋਕਾਂ ਦੇ ਹੱਕਾਂ ਲਈ ਲੜਦੇ ਆਏ ਹਾਂ ਅਤੇ ਹੁਣ ਸੰਮਤੀ ਮੈਂਬਰ ਵਜੋਂ ਇਲਾਕੇ ਦੇ ਵਿਕਾਸ ਕਾਰਜਾਂ ਨੂੰ ਪਹਿਲ ਦੇ ਅਧਾਰ 'ਤੇ ਕਰਵਾਇਆ ਜਾਵੇਗਾ। ਇਸ ਸਮੇ ਬੇਗਮਪੁਰਾ ਟਾਈਗਰ ਫੋਰਸ ਦੇ ਆਗੂਆਂ ਅਤੇ ਮੈਂਬਰਾਂ ਨੇ ਇਸ ਜਿੱਤ ਨੂੰ ਇਤਿਹਾਸਕ ਦੱਸਦਿਆਂ ਕਿਹਾ ਕਿ ਵਿਰਦੀ ਪ੍ਰੀਵਾਰ ਪਿਛਲੇ ਸਮੇ ਤੋ ਹੀ ਦਬੇ-ਕੁਚਲੇ ਲੋਕਾਂ ਦੀ ਆਵਾਜ਼ ਬਣਦਾ ਆ ਰਿਹਾ ਹੈ। ਇਸ ਮੌਕੇ ਬਿੱਟੂ ਵਿਰਦੀ ਨੇ ਵਿਸ਼ਵਾਸ ਦਿਵਾਇਆ ਕਿ ਨਵੇਂ ਚੁਣੇ ਗਏ ਸੰਮਤੀ ਮੈਂਬਰ ਇਲਾਕੇ ਦੀ ਨੁਹਾਰ ਬਦਲਣ ਵਿੱਚ ਕੋਈ ਕਸਰ ਨਹੀਂ ਛੱਡਣਗੇ। ਇਸ ਮੌਕੇ ਹੋਰਨਾਂ ਤੋ ਇਲਾਵਾ ਜਿਲ੍ਹਾ ਪ੍ਰਧਾਨ ਹੈਪੀ ਫ਼ਤਹਿਗੜ੍ਹ, ਰਵਿ ਸੁੰਦਰ ਨਗਰ,ਪ੍ਰਵੀਨ ਵਿਰਦੀ,ਬਿੱਟੂ ਹਲਵਾਈ ਸੁੰਦਰ ਨਗਰ ਆਦਿ ਹਾਜ਼ਰ ਸਨ !

ਫੋਟੋ ਅਜਮੇਰ ਦੀਵਾਨਾ

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

ਦੰਦਾਂ ਤੇ ਅੱਖਾਂ ਦੀਆਂ ਬਿਮਾਰੀਆਂ ਪ੍ਰਤੀ ਮਰੀਜ਼ਾਂ ਨੂੰ ਜਾਗਰੂਕ ਹੋਣਾ ਚਾਹੀਦਾ ਹੈ : ਡਾਕਟਰ ਬੱਲ

ਬੰਗਾ (ਚਰਨਜੀਤ ਸੱਲ੍ਹਾਂ) ਸ੍ਰੀ ਗੁਰੂ ਰਵਿਦਾਸ ਮਿਸ਼ਨ ਚੈਰੀਟੇਬਲ ਟਰੱਸਟ ਥਾਂਦੀਆ ਵੱਲੋਂ ਅਵੈਰਨੈਸ ਚੈੱਕ ਅੱਪ ਮੈਡੀਕਲ ਕੈਂਪ ਪਿੰਡ ਭਰੋ ਮਜਾਰਾ ਵਿਖੇ ਲਗਾਇਆ ਗਿਆ ਜਿਸ ਵਿੱਚ ਹਸਪਤਾਲ ਦੇ ਡਾਕਟਰਾਂ ਦੀ ਟੀਮ ਵੱਲੋਂ ਵੱਖ ਵੱਖ ਬਿਮਾਰੀਆਂ ਨਾਲ ਜੂਝ ਰਹੇ ਮਰੀਜ਼ਾਂ ਦਾ ਚੈੱਕ ਅੱਪ ਕੀਤਾ ਗਿਆ। ਕੈਂਪ ਵਿੱਚ ਦੰਦਾਂ ਨਾਲ ਸੰਬੰਧਿਤ ਮਰੀਜ਼ਾਂ ਅਤੇ ਅੱਖਾਂ ਦੀਆਂ ਬਿਮਾਰੀਆਂ ਨਾਲ ਸੰਬੰਧਿਤ ਮਰੀਜ਼ਾਂ ਦਾ ਚੈੱਕ ਅੱਪ ਕੀਤਾ ਗਿਆ ਅਤੇ ਔਰਤਾਂ ਦੇ ਰੋਗਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ ਅਤੇ ਹਸਪਤਾਲ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਵਾਰੇ ਅਤੇ ਬਾਕੀ ਹਸਪਤਾਲਾਂ ਨਾਲੋਂ ਸਸਤੇ ਆਪ੍ਰੇਸਨਾਂ ਵਾਰੇ ਵੀ ਜਾਣਕਾਰੀ ਦਿੱਤੀ ਗਈ । ਇਸ ਸਮੇਂ ਪਿੰਡ ਦੇ ਮੋਹਤਬਰਾਂ ਸੁਰਿੰਦਰ ਸੁੰਡਾਂ ਸਰਪੰਚ, ਸੁਨੀਤਾ ਰਾਣੀ ਪੰਚ,ਨੀਲਮ ਰਾਣੀ ਪੰਚ, ਦਲਵੀਰ ਚੰਦ ਪੰਚ,ਅਨਿਲ ਕੁਮਾਰ ਪੰਚ, ਮਨਜੀਤ ਕੁਮਾਰ

ਪੰਚ, ਸੰਤੋਸ਼ ਕੁਮਾਰ ਪੰਚ, ਪ੍ਰਧਾਨ ਰਾਮ ਸਿੰਘ, ਹਰਬੰਸ ਸਿੰਘ,ਲੇਖ ਰਾਜ, ਫ਼ਕੀਰੀ ਗੁਰਦੁਆਰਾ ਸਾਹਿਬ ਦੇ ਸਿੰਘ ਯੂ ਕੇ, ਫਤਿਹ ਲਾਲ, ਮੁਖਤਿਆਰ ਸਿੰਘ ਅਤੇ ਰਾਮ ਲੁਭਾਇਆ ਤੋਂ ਇਲਾਵਾ ਡਾ ਬਲਵੀਰ ਸਿੰਘ ਬੱਲ,ਡਾ ਮੁਕੇਸ਼ ਕੁਮਾਰ,ਡਾ ਵਿਕਰਮਜੀਤ ਸਿੰਘ,ਡਾ ਰੀਤਿਕਾ ਅਤੇ ਸਟਾਫ਼ ਸੰਦੀਪ ਕੌਰ, ਜਸਵਿੰਦਰ ਕੌਰ, ਗਗਨਦੀਪ ਕੌਰ,ਪ੍ਰੀਆ ਅਤੇ ਮਨਦੀਪ ਕੌਰ ਓਟੀ ਟੈਕਨੀਸ਼ੀਅਨ ਆਦਿ ਮੌਜੂਦ ਸਨ। ਇਸ ਮੌਕੇ ਤੇ ਸਰਪੰਚ ਸਾਹਿਬ ਅਤੇ ਪਿੰਡ ਦੇ ਮੋਹਤਬਰ ਵਿਅਕਤੀਆਂ ਨੇ ਹਸਪਤਾਲ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਮਦਦ ਕਰਨ ਦਾ ਭਰੋਸਾ ਦਿੱਤਾ।

ਚਰਨਛੋਹ ਸੱਚਖੰਡ ਬੇਗਮਪੁਰਾ ਸ੍ਰੀ ਖੁਰਾਲਗੜ੍ਹ ਸਾਹਿਬ ਲਈ ਹੰਢਿਆਇਆ ਦੀ ਸੰਗਤ ਵਲੋਂ 5100 ਰੁਪਏ ਸੇਵਾ ਕੀਤੀ

ਹੁਸ਼ਿਆਰਪੁਰ (ਤਰਸੇਮ ਦੀਵਾਨਾ) - ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਚਰਨਛੋਹ ਸੱਚਖੰਡ ਬੇਗਮਪੁਰਾ ਸ੍ਰੀ ਖੁਰਾਲਗੜ ਸਾਹਿਬ ਵਿਖੇ ਪਿੰਡ ਹੰਢਿਆਇਆ,ਬਰਨਾਲਾ ਤੋਂ ਭਾਰੀ ਸੰਗਤਾਂ ਨਤਮਸਤਕ ਹੋਈਆਂ ਅਤੇ ਗੁਰੂ ਮਹਾਰਾਜ ਦਾ ਸ਼ੁਕਰਾਨਾ ਕਰਦਿਆਂ 5100 ਰੁਪਏ ਦੀ ਸੇਵਾ ਲੰਗਰਾਂ ਲਈ ਯੋਗਦਾਨ ਪਾਇਆ। ਇਸ ਮੌਕੇ ਰਾਜਾ ਸਿੰਘ ਹੰਢਿਆਇਆ, ਮੱਘਰ ਸਿੰਘ, ਜਗਦੇਵ ਸਿੰਘ ਖੁੱਡੀ ਕਲਾਂ, ਕੁਲਵੰਤ ਸਿੰਘ, ਬਿਕਰ ਸਿੰਘ, ਗਿਆਨ ਸਿੰਘ, ਰਾਜਵਿੰਦਰ ਸਿੰਘ, ਗੁਰਜੰਟ ਸਿੰਘ, ਬਿੱਟੂ ਸਿੰਘ ਅਤੇ ਵੱਡੀ ਗਿਣਤੀ ਸੰਗਤਾਂ ਚਰਨਛੋਹ ਸੱਚਖੰਡ ਬੇਗਮਪੁਰਾ ਸ੍ਰੀ ਖੁਰਾਲਗੜ ਵਿਖੇ ਪਹੁੰਚੀਆਂ ਅਤੇ ਚੱਲ ਰਹੀ ਕਾਰ ਸੇਵਾ ਲਈ ਯੋਗਦਾਨ ਪਾਇਆ ਅਤੇ ਆਉਣ ਵਾਲੇ ਸਮੇਂ ਵਿਚ ਵੀ ਗੁਰੂਘਰ ਵਿਖੇ ਸੇਵਾ ਲਈ ਹਾਜਰ ਰਹਿਣ ਦਾ ਸੰਕਲਪ ਲਿਆ।ਇਸ ਮੌਕੇ ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਵਲੋਂ ਸੰਗਤਾਂ ਨੂੰ ਗੁਰੂਘਰ ਦੀ ਬਖਸ਼ਿਸ਼ ਸਿਰਪਾਓ ਭੇਟ ਕਰਕੇ ਸਨਮਾਨਿਤ ਕੀਤਾ। ਸੰਤ ਸਤਵਿੰਦਰ ਹੀਰਾ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਚਰਨਛੋਹ ਸੱਚਖੰਡ ਬੇਗਮਪੁਰਾ ਸ੍ਰੀ ਖੁਰਾਲਗੜ ਸਾਹਿਬ ਵਿਖੇ ਸੰਤਾਂ ਮਹਾਂਪੁਰਸ਼ਾਂ ਅਤੇ ਸੰਗਤਾਂ ਵਲੋਂ ਬਹੁਤ ਵੱਡੀ ਸੇਵਾ ਆਰਭ ਕੀਤੀ ਗਈ ਹੈ ਜਿਸ ਲਈ ਦੇਸ਼ ਵਿਦੇਸ਼ ਦੀਆਂ ਸੰਗਤਾਂ ਵਲੋਂ ਤਨ ਮਨ ਧੰਨ ਨਾਲ ਭਾਰੀ ਸਹਿਯੋਗੋਂ ਪ੍ਰਾਪਤ ਹੋ ਰਿਹਾ ਹੈ, ਜਿਸ ਲਈ ਆਦਿ ਧਰਮ ਮਿਸ਼ਨ ਹਮੇਸ਼ਾ ਸੰਗਤਾਂ ਦਾ ਰਿਣੀ ਤੇ ਧੰਨਵਾਦੀ ਰਹੇਗਾ । ਓਨਾਂ ਕਿਹਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਬਾਣੀ ਦੇ ਪ੍ਰਚਾਰ ਤੇ ਪ੍ਰਸਾਰ, ਬਾਬੂ ਮੰਗੂ ਰਾਮ ਮੂਗੋਵਾਲੀਆ, ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਅਤੇ ਬਾਬੂ ਕਾਂਸ਼ੀ ਰਾਮ ਦੇ ਕ੍ਰਾਂਤੀਕਾਰੀ ਸਮਾਜਿਕ ਅੰਦੋਲਨ ਨੂੰ ਜਨ ਜਨ ਤੱਕ ਪਹੁੰਚਾਉਣ ਲਈ ਚਰਨਛੋਹ ਸੱਚਖੰਡ ਬੇਗਮਪੁਰਾ ਤੋਂ ਜਲਦ ਹੀ ਸੰਗਤਾਂ ਲਈ ਨਵੇਂ ਪ੍ਰੋਗਰਾਮ ਜਾਰੀ ਕੀਤੇ ਜਾਣਗੇ।

ਫੋਟੋ ਅਜਮੇਰ ਦੀਵਾਨਾ

ਪੁਸਤਕ ਸਭਿਆਚਾਰ ਸਿਰਜਣ ਲਈ ਯਤਨਸ਼ੀਲ ਹਾਂ,ਇੰਜੀ.ਜਸਵੀਰ ਸਿੰਘ ਮੋਰੋਂ

ਬੰਗਾ (ਚਰਨਜੀਤ ਸੱਲ੍ਹਾਂ) ਵਿਵੇਕ ਵਿਕਾਸ ਲਹਿਰ ਪੰਜਾਬ, ਮੁੱਖ ਦਫਤਰ ਬੰਗਾ,ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਗਿਆਨ ਵੰਡਣ ਦੀ ਮੁਹਿੰਮ,ਮੁਫ਼ਤ ਪੁਸਤਕਾਂ ਰਾਹੀਂ ਸ਼ੁਰੂ ਕੀਤੀ ਹੋਈ ਹੈ। ਇਸ ਲੜ੍ਹੀ ਤਹਿਤ ਸੰਸਥਾ ਵਲੋਂ ਪੰਦਰਵਾਂ ਸਮਾਗਮ ਪਿੰਡ ਹੀਉਂ ਵਿਖੇ ਕੀਤਾ ਗਿਆ । ਇਸ ਮੌਕੇ ਇੰਜੀ.ਸ਼੍ਰੀ ਜਸਵੀਰ ਸਿੰਘ ਮੋਰੋਂ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਕਿਤਾਬਾਂ ਵੰਡਣ ਦਾ ਸਿਲਸਿਲਾ ਗਣਤੰਤਰ ਦਿਵਸ ਨੂੰ ਸਮਰਪਿਤ ਸਮਾਗਮ ਕਰਕੇ ਜਨਵਰੀ 2025 ਨੂੰ ਬੇਗੋਵਾਲ ਤੋਂ ਸ਼ੁਰੂ ਕੀਤਾ ਗਿਆ ਸੀਲ ਚਾਲੂ ਸਾਲ ਦੌਰਾਨ ਬਾਰਾਂ ਪ੍ਰੋਗਰਾਮ ਕਰਨ ਦਾ ਟੀਚਾ ਮਿੱਥਿਆ ਸੀ,ਐਪਰ ਇਹ

ਪੰਦਰਵਾਂ ਕਿਤਾਬ ਵੰਡ ਸਮਾਗਮ ਕਰ ਰਹੇ ਹਾਂ ਲ"ਵਿਵੇਕ ਵਿਕਾਸ ਲਹਿਰ,ਪੰਜਾਬ" ਰਾਹੀਂ ਪੁਸਤਕ ਸਭਿਆਚਾਰ ਸਿਰਜਣ ਲਈ ਨਿਰੰਤਰ ਯਤਨ ਕੀਤੇ ਜਾ ਰਹੇ ਹਨ । ਡਿਜਿਟਲ ਜ਼ਮਾਨੇ ਵਿੱਚ ਵੀ ਕਿਤਾਬਾਂ ਦੀ ਅਹਿਮੀਅਤ ਬਣੀ ਹੋਈ ਹੈ ਤੇ ਰਹੇਗੀ ਲ ਇਸ ਮੌਕੇ ਹਰੀਬਿਲਾਸ ਹੀਉਂ ਨੇ ਬੱਚਿਆਂ ਨੂੰ ਮੋਬਾਇਲ ਦੀ ਯੋਗ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ ਅਤੇ ਬੱਚਿਆਂ ਨੂੰ ਬਾਜ਼ਾਰੀ ਖਾਣਿਆਂ ਦੇ ਬੁਰੇ ਪ੍ਰਭਾਵ ਬਾਰੇ ਵੀ ਸੁਚੇਤ ਕੀਤਾ ਲਇਸ ਸਮੇਂ ਮਾਈਕਲ ਪੁੰਨ,ਹਰਪ੍ਰੀਤ ਕੌਰ ਸਾਇੰਸ ਅਧਿਆਪਕਾ,ਹਨੀ ਆਦਿ ਹਾਜ਼ਰ ਸਨਲਅਧਿਆਪਕਾ ਜਸਪ੍ਰੀਤ ਕੌਰ (ਅੰਗਰੇਜ਼ੀ)ਨੇ ਵਿਵੇਕ ਵਿਕਾਸ ਲਹਿਰ ਬੰਗਾ ਵੱਲੋਂ ਸ਼ੁਰੂ ਕੀਤੀ ਗਈ ਮੁਫਤ ਕਿਤਾਬਾਂ ਵੰਡਣ ਦੀ ਇਸ ਨਵੀਂ ਪਿਰਤ ਦੀ ਸ਼ਲਾਘਾ ਕੀਤੀ ਅਤੇ ਸਭਨਾਂ ਦਾ ਧੰਨਵਾਦ ਕੀਤਾ। ਸਮਾਗਮ ਦੇ ਅੰਤ ਵਿੱਚ ਸਮੂਹ ਵਿਦਿਆਰਥੀਆਂ ਨੂੰ ਗਿਆਨ,ਵਿਗਿਆਨ ਨਾਲ ਸੰਬੰਧਿਤ ਮੁਫ਼ਤ ਕਿਤਾਬਾਂ ਵੰਡੀਆਂ ਗਈਆ।

ਖਡਿਆਲਾ ਸੈਣੀਆਂ ਜ਼ੋਨ ਤੋਂ ਆਪ ਦੀ ਇੰਦਰਜੀਤ ਕੌਰ ਕੌਂਸਲ ਭਾਰੀ ਬਹੁਮਤ ਨਾਲ ਜੇਤੂ

ਹੁਸ਼ਿਆਰਪੁਰ (ਤਰਸੇਮ ਦੀਵਾਨਾ)

ਹਾਲ ਹੀ ਵਿੱਚ ਸੰਪਨ ਹੋਈਆਂ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਜ਼ੋਨ ਖਡਿਆਲਾ ਸੈਣੀਆਂ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਇੰਦਰਜੀਤ ਕੌਰ ਕੌਂਸਲ ਧਰਮਪਤਨੀ ਸਰਦਾਰ ਹਰਦੇਵ ਸਿੰਘ ਕੌਂਸਲ ਭਾਰੀ ਬਹੁਮਤ ਨਾਲ ਜੇਤੂ ਰਹੇ ਹਨ । ਉਨ੍ਹਾਂ ਨੇ ਰਿਵਾਇਤੀ ਕਾਂਗਰਸੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਬੁਰੀ ਤਰ੍ਹਾਂ ਮਾਤ ਦੇ ਕੇ ਆਪਣੀ ਜਿੱਤ ਪੱਕੀ ਕਰਦਿਆਂ ਆਮ ਆਦਮੀ ਪਾਰਟੀ ਦਾ ਝੰਡਾ ਬੁਲੰਦ ਕੀਤਾ ਹੈ । ਇੰਦਰਜੀਤ ਕੌਰ ਕੌਂਸਲ ਨੂੰ 6090 ਵੋਟਾਂ ਮਿਲੀਆਂ ਜਦਕਿ ਕਾਂਗਰਸ ਦਾ ਉਮੀਦਵਾਰ ਦੂਜੇ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਨੂੰ ਤੀਸਰੇ ਸਥਾਨ ਤੇ ਰਹਿ ਕੇ ਸਬਰ ਕਰਨਾ ਪਿਆ । ਭਾਰਤੀ ਜਨਤਾ

ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਦਾ ਖਾਤਾ ਨਹੀਂ ਖੁੱਲਿਆ । 14364 ਵੋਟਾਂ ਪੋਲ ਹੋਈਆਂ ਜਿਨ੍ਹਾਂ ਵਿੱਚੋਂ 399 ਵੋਟਾਂ ਰੱਦ ਹੋਈਆਂ ਅਤੇ 89 ਵੋਟਾਂ ਨੋਟਾ ਨੂੰ ਪਈਆਂ। ਜੇਤੂ ਰਹੀ ਆਪ ਉਮੀਦਵਾਰ ਬੀਬੀ ਇੰਦਰਜੀਤ ਕੌਰ ਕੌਂਸਲ ਨੇ ਆਮ ਆਦਮੀ ਪਾਰਟੀ ਦੇ ਕੈਬਨਟ ਮੰਤਰੀ ਡਾ ਰਵਜੋਤ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚੱਲ ਰਹੇ ਵਿਕਾਸ ਕਾਰਜਾਂ ਦੀ ਰਫਤਾਰ ਨੂੰ ਹੋਰ ਤੇਜ਼ ਕਰਨਗੇ । ਉਨ੍ਹਾਂ ਸਮੂਹ ਵੋਟਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਭਰੋਸੇ ਨੂੰ ਹਰ ਹਾਲਤ ਵਿੱਚ ਕਾਇਮ ਰੱਖਣਗੇ ।

ਫੋਟੋ ਅਜਮੇਰ ਦੀਵਾਨਾ

ਮੈਗਾ ਪੀ.ਟੀ.ਐਮ. ਸਬੰਧੀ ਬਲਾਕ ਹੁਸ਼ਿਆਰਪੁਰ-1ਬੀ 'ਚ ਹੋਈ ਕਲੱਸਟਰ ਪੱਧਰੀ ਟ੍ਰੇਨਿੰਗ

ਹੁਸ਼ਿਆਰਪੁਰ, (ਤਰਸੇਮ ਦੀਵਾਨਾ)– ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜਿਲ੍ਹਾ ਸਿੱਖਿਆ ਅਫ਼ਸਰ (ਐਲੀ. ਸਿੱ .) ਹਰਜਿੰਦਰ ਕੌਰ ਅਤੇ ਡਿਪਟੀ ਡੀਈਓ (ਐਲੀ. ਸਿੱ) ਅਮਨਦੀਪ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਚਰਨਜੀਤ ਦੀ ਅਗਵਾਈ ਹੇਠ ਮਾਪਿਆਂ ਨੂੰ ਸਿੱਖਿਆ ਨਾਲ ਜੋੜਨ ਲਈ ਮੈਗਾ ਪੀ.ਟੀ.ਐੱਮ. ਸਬੰਧੀ ਕਲੱਸਟਰ ਪੱਧਰੀ ਟ੍ਰੇਨਿੰਗ ਬਲਾਕ ਹੁਸ਼ਿਆਰਪੁਰ 1-ਬੀ ਦੇ ਵੱਖ-ਵੱਖ ਕਲਸਟਰਾਂ ਵਿੱਚ ਕਰਵਾਈ ਗਈ, ਜਿਸ ਦਾ ਨਿਰੀਖਣ ਜ਼ਿਲ੍ਹਾ ਕੋਆਰਡੀਨੇਟਰ ਹਰਮਿੰਦਰ ਪਾਲ ਸਿੰਘ ਨੇ ਕੀਤਾ। ਉਨ੍ਹਾਂ ਨੇ ਪੰਜਾਬ ਸਰਕਾਰ ਸਿੱਖਿਆ ਵਿਭਾਗ ਦੁਆਰਾ ਦਿੱਤੇ ਗਏ ਦਿਸ਼ਾ ਨਿਰਦੇਸ਼ਾਂ ਦੀ ਪੂਰਨ ਰੂਪ ਵਿੱਚ ਪਾਲਣਾ ਕਰਨ ਲਈ ਕਿਹਾ। ਉਨ੍ਹਾਂ ਸਰਕਾਰੀ ਸਕੂਲਾਂ ਅੰਦਰ ਕਰਵਾਈ ਜਾ ਰਹੀ ਮੈਗਾ ਪੀ.ਟੀ.ਐੱਮ. ਨੂੰ 100% ਕਾਮਯਾਬ ਕਰਨ ਲਈ ਸਕੂਲ ਅਧਿਆਪਕਾਂ ਨੂੰ ਪ੍ਰੇਰਿਤ ਕੀਤਾ। ਟ੍ਰੇਨਿੰਗ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਬਲਾਕ ਰਿਸੋਰਸ ਕੋਆਰਡੀਨੇਟਰ ਰਿੰਪਲ ਕੁਮਾਰ ਅਤੇ ਮੁਨੀਰ ਨਈਅਰ ਨੇ ਵੀ ਬਲਾਕ ਹੁਸ਼ਿਆਰਪੁਰ 1-ਬੀ ਦੇ ਵੱਖ-ਵੱਖ ਕਲਸਟਰਾਂ ਦਾ ਨਿਰੀਖਣ ਕੀਤਾ। ਇਸ ਮੌਕੇ ਰੇਨੂ ਦੱਤਾ ਸੀ ਐਚ ਟੀ, ਹਰਮਿੰਦਰ ਕੌਰ ਹੈਡ ਟੀਚਰ, ਹਰਜਿੰਦਰ ਕੌਰ, ਨਵਿਤਾ ਸੈਣੀ, ਦਵਿੰਦਰ ਸਿੰਘ ਆਦਿ ਸਮੇਤ ਬਲਾਕ ਦੇ ਸਮੂਹ ਅਧਿਆਪਕ ਹਾਜਰ ਸਨ।

ਫੋਟੋ ਅਜਮੇਰ ਦੀਵਾਨਾ

ਮਨਰੇਗਾ ਮਜ਼ਦੂਰਾਂ ਨੇ ਬਿਲ ਪਾਸ ਹੋਣ ਤੇ ਅਲੱਗ ਅਲੱਗ ਜਗਾਂ ਤੇ ਕੇਂਦਰ ਸਰਕਾਰ ਦਾ ਪੁਤਲਾ ਫੂਕਿਆ

ਮਹਿਤਪੁਰ (ਹਰਜਿੰਦਰ ਸਿੰਘ ਚੰਦੀ)– ਕੇਂਦਰ ਸਰਕਾਰ ਵੱਲੋਂ ਲੋਕ ਸਭਾ ਵਿੱਚ ਮਨਰੇਗਾ ਕਾਮਿਆ ਲਈ ਵੈਬ -ਜੀ ਰਾਮ ਜੀ ਕੇਂਦਰੀ ਬਿੱਲ ਪਾਸ ਕਰਨ ਦੇ ਵਿਰੋਧ ਵਿੱਚ ਮਹਿਤਪੁਰ ਤਹਿਸੀਲ ਦੇ ਪਿੰਡ ਮੰਡਿਆਲਾ, ਬਾਠ ਕਲਾ, ਮੈਹਸਮਪੁਰ ਅਤੇ ਸੰਗੋਵਾਲ ਟੂਲ ਪਲਾਜ਼ਾ ਤੇ ਸੜਕਾਂ ਆਵਾਜਾਈ ਠੱਪ ਕਰਕੇ ਕੇਂਦਰ ਦੀ ਭਾਜਪਾ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਨਰੇਗਾ ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਤਹਿਸੀਲ ਪ੍ਰਧਾਨ ਕਸ਼ਮੀਰ ਮੰਡਿਆਲਾ , ਸਕੱਤਰ ਵਿਜੇ ਬਾਠ, ਕਿਰਤੀ ਕਿਸਾਨ ਯੂਨੀਅਨ ਦੇ ਆਗੂ ਰਜਿੰਦਰ ਸਿੰਘ ਮੰਡ, ਸਾਬਕਾ ਸਰਪੰਚ ਬਚਨ ਸਿੰਘ, ਰਤਨ ਸਿੰਘ, ਬਖਸ਼ੋ ਮੰਡਿਆਲਾ, ਸੋਮਾ ਰਾਣੀ, ਰਾਜਵਿੰਦਰ ਕੌਰ, ਜਸਵਿੰਦਰ ਕੌਰ ਮਹਿਸਮਪੁਰ, ਪੂਜਾ ਬੇਹਰਾ, ਬਲਜਿੰਦਰ ਕੌਰ ਬੀਟਲਾ ਨੇ ਵੱਖ-ਵੱਖ ਪਿੰਡਾਂ ਵਿੱਚ ਮਨਰੇਗਾ ਵਰਕਰਾਂ ਨੂੰ ਸੰਬੋਧਨ ਕਰਦਿਆ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੂੰ ਪੇਂਡੂ ਮਜ਼ਦੂਰਾਂ ਨੂੰ ਰੁਜ਼ਗਾਰ ਦੀ 100 ਦਿਨ ਦਾ ਗਰੰਟੀ ਕਾਨੂੰਨ ਰੜਕ ਰਿਹਾ ਸੀ ਇਸ ਲਈ ਉਸ ਨੇ ਇਸ ਸਾਲ ਦੇ ਮਨਰੇਗਾ ਬਜਟ ਵਿੱਚ ਭਾਰੀ ਕਟੌਤੀ ਕਰਕੇ ਭਾਜਪਾ ਇਹ ਦੱਸ ਦਿੱਤਾ ਸੀ ਮੰਗ ਅਧਾਰਤ ਰੁਜ਼ਗਾਰ ਗਰੰਟੀ ਲਈ ਕੇਂਦਰ ਖਜ਼ਾਨੇ ਚੋਂ ਪੈਸਾ ਦੇਣਾ ਉਹ ਕਿਨਾਰਾ ਕਰਦਿਆਂ ਮਨਰੇਗਾ ਦੇ ਬਜਟ ਵਿੱਚ 40% ਹਿੱਸਾ ਸੂਬਿਆਂ ਉੱਤੇ ਲੱਦ ਦਿੱਤਾ ਪੰਜਾਬ ਸਰਕਾਰ ਜਿਹੜੀ ਪਹਿਲਾਂ ਹੀ ਪਬਲਿਕ ਅਦਾਰਿਆਂ ਅਤੇ ਪੰਚਾਇਤਾਂ ਦੀਆਂ ਜਮੀਨਾਂ ਵੇਚ ਕੇ ਆਪਣਾ ਡੰਗ ਟਪਾਉਣਾ ਚਾਹੁੰਦੀ ਹੈ ਕਿੱਥੋਂ ਮਨਰੇਗਾ ਬਜਟ ਵਿੱਚ ਆਪਣਾ ਹਿੱਸਾ ਪਾਊਗੀ। ਪਾਸ ਕੀਤੇ ਗਏ ਪੇਂਡੂ ਮਜ਼ਦੂਰ ਵਿਰੋਧੀ ਕਾਨੂੰਨ ਵਿੱਚ ਸਾਲ ਵਿੱਚ 60 ਦਿਨ ਖੇਤੀਬਾੜੀ ਦੇ ਸੀਜ਼ਨ ਵਿੱਚ ਕੰਮ ਬੰਦ ਕਰਕੇ ਸਾਬਤ ਕਰ ਦਿੱਤਾ ਵੈਬ -ਜੀ ਰਾਮ ਜੀ ਕਾਨੂੰਨ ਮੁੱਖ ਮੇ ਰਾਮ ਬਗਲ ਮੇ ਛੁਰੀ ਤੋਂ ਵੱਧ ਕੁਝ ਨਹੀਂ। ਕੇਂਦਰ ਸਰਕਾਰ ਪਹਿਲਾਂ ਹੀ ਕਿਰਤ ਕਾਨੂੰਨ ਵਿੱਚ ਮਜ਼ਦੂਰ ਵਿਰੋਧੀ ਸੋਧਾਂ ਅਤੇ ਬਿਜਲੀ ਸੋਧ ਬਿਲ2025, ਅਤੇ ਹੁਣ ਪੇਂਡੂ ਮਜ਼ਦੂਰਾਂ ਦੇ ਵਿੱਚ ਵੈਬ ਜੀ ਰਾਮ ਜੀ ਕਾਨੂੰਨ ਪਾਸ ਕਰਕੇ ਸਾਬਤ ਕਰ ਦਿੱਤਾ ਕਿ ਉਹ ਦੇ ਭੂਮੀਪਤੀਆਂ ਅਤੇ ਦੇਸੀ ਤੇ ਵਿਦੇਸ਼ੀ ਸਰਮਾਏਦਾਰਾਂ ਦੇ ਦੇ ਦਿਸ਼ਾ ਨਿਰਦੇਸ਼ਾਂ ਤੇ ਚੱਲ ਕੇ ਕਿਰਤੀ ਲੋਕਾਂ ਲਈ ਆਉਣ ਵਾਲੇ ਸਮੇਂ ਵਿੱਚ ਵੱਡੀਆਂ ਮੁਸ਼ਕਿਲਾਂ ਪੈਦਾ ਕਰੇਗੀ। ਜਿਸ ਦੇ ਵਿਰੋਧ ਵਿੱਚ ਸਮੁੱਚੀ ਕੀਰਤ ਜਮਾਤ ਨੂੰ ਇੱਕ ਮੁੱਠ ਹੋ ਕੇ ਸੰਘਰਸ਼ ਕਰਨਾ ਦੀ ਲੋੜ ਹੈ ।

ਐਨ.ਐਚ.ਐਸ ਵੱਲੋਂ "ਸੁਪਰ ਫਲੂ" ਬਾਰੇ ਵੱਡੀ ਚੇਤਾਵਨੀ

ਇਕ ਹਫਤੇ ਚ ਹਸਪਤਾਲਾ ਚ ਦਾਖਲ ਹੋਏ ਮਰੀਜ਼ਾਂ ਦੀ ਗਿਣਤੀ ਚ ਹੋਇਆ ਭਾਰੀ ਵਾਧਾ

ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ) – ਇੰਗਲੈਂਡ ਦੀ ਰਾਸ਼ਟਰੀ ਸਿਹਤ ਸੇਵਾ (ਐਨਐਚਐਸ) ਨੇ 'ਸੁਪਰ ਫਲੂ' ਦੇ ਵਧਦੇ ਖਤਰੇ ਨੂੰ ਲੈ ਕੇ ਵੱਡੀ ਚੇਤਾਵਨੀ ਜਾਰੀ ਕੀਤੀ ਹੈ। ਸਿਰਫ਼ ਇੱਕ ਹਫ਼ਤੇ ਦੇ ਅੰਦਰ ਫਲੂ ਕਾਰਨ ਹਸਪਤਾਲਾਂ ਵਿੱਚ ਦਾਖ਼ਲ ਹੋਣ ਵਾਲੇ ਮਰੀਜ਼ਾਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ, ਜਿਸ ਕਾਰਨ ਐਨਐਚਐਸ ਨੂੰ 'ਹਾਈ ਅਲਰਟ' 'ਤੇ ਰੱਖਿਆ ਗਿਆ ਹੈ। ਸਿਹਤ ਅਧਿਕਾਰੀਆਂ ਮੁਤਾਬਕ ਸਰਦੀਆਂ ਦੇ ਮੌਸਮ ਨਾਲ ਜੁੜੀਆਂ ਵਾਇਰਸ ਬਿਮਾਰੀਆਂ, ਖ਼ਾਸ ਕਰਕੇ ਫਲੂ, ਕੋਵਿਡ ਵਰਗੇ ਲੱਛਣਾਂ ਵਾਲੀਆਂ ਬਿਮਾਰੀਆਂ ਅਤੇ ਆਰਐਸਵੀ ਦੇ ਮਾਮਲੇ ਲਗਾਤਾਰ ਵੱਧ ਰਹੇ ਹਨ। ਇਸ ਕਾਰਨ ਐਮਰਜੈਂਸੀ ਵਿਭਾਗਾਂ 'ਤੇ ਭਾਰੀ ਦਬਾਅ ਬਣ ਗਿਆ ਹੈ ਅਤੇ ਕਈ ਹਸਪਤਾਲਾਂ ਵਿੱਚ ਬਿਸਤਰੇ ਘੱਟ ਪੈ ਰਹੇ ਹਨ। ਐਨ ਐਚ ਐਸ ਅਧਿਕਾਰੀਆਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਫਲੂ ਦੇ ਲੱਛਣ ਨਜ਼ਰ ਆਉਣ 'ਤੇ ਬਿਨਾਂ ਲੋੜ ਹਸਪਤਾਲ ਜਾਣ ਤੋਂ ਪਰਹੇਜ਼ ਕੀਤਾ ਜਾਵੇ ਅਤੇ ਜਿੱਥੇ ਸੰਭਵ ਹੋਵੇ ਜੀਪੀ ਜਾਂ ਫਾਰਮੇਸੀ ਦੀ ਸਹਾਇਤਾ ਲਈ ਜਾਵੇ। ਨਾਲ ਹੀ ਬਜ਼ੁਰਗਾਂ, ਗਰਭਵਤੀ ਮਹਿਲਾਵਾਂ ਅਤੇ ਕਮਜ਼ੋਰ ਇਮਿਊਨ ਸਿਸਟਮ ਵਾਲੇ ਲੋਕਾਂ ਨੂੰ ਫਲੂ ਟੀਕਾਕਰਨ ਕਰਵਾਉਣ ਦੀ ਸਲਾਹ ਦਿੱਤੀ ਗਈ ਹੈ। ਸਿਹਤ ਵਿਭਾਗ ਦਾ ਕਹਿਣਾ ਹੈ ਕਿ ਜੇਕਰ ਲੋਕਾਂ ਵੱਲੋਂ ਸਾਵਧਾਨੀ ਨਾ ਬਰਤੀ ਗਈ ਤਾਂ ਆਉਣ ਵਾਲੇ ਦਿਨਾਂ ਵਿੱਚ ਹਸਪਤਾਲੀ ਪ੍ਰਬੰਧ ਹੋਰ ਵੀ ਪ੍ਰਭਾਵਿਤ ਹੋ ਸਕਦੇ ਹਨ।

ਹਰਜੋਤ ਬੈਂਸ ਕੈਬਨਿਟ ਮੰਤਰੀ ਨੇ ਗੰਭੀਰਪੁਰ ਵਿਖੇ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਉਮੀਦਵਾਰਾਂ ਨਾਲ ਕੀਤੀ ਮੁਲਾਕਾਤ

ਕੈਬਨਿਟ ਮੰਤਰੀ ਨੇ ਜਿੱਤ 'ਤੇ ਪ੍ਰਗਟਾਇਆ ਸ਼ੁਕਰਾਨਾ

ਰੂਪਨਗਰ /ਸ੍ਰੀ ਅਨੰਦਪੁਰ ਸਾਹਿਬ (ਜਤਿੰਦਰ ਪਾਲ ਸਿੰਘ ਕਲੇਰ) ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਨੇ ਅੱਜ ਗੰਭੀਰਪੁਰ ਪਿੰਡ ਵਿਖੇ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਕਾਮਯਾਬ ਰਹੇ ਸਾਰੇ ਉਮੀਦਵਾਰਾਂ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਗਈ। ਇਸ ਮੌਕੇ ਕੈਬਨਿਟ ਮੰਤਰੀ ਨੇ ਉਮੀਦਵਾਰਾਂ ਨੂੰ ਦਿਲੋਂ ਵਧਾਈਆਂ ਤੇ ਮੁਬਾਰਕਾਂ ਦਿੱਤੀਆਂ। ਚੋਣਾਂ ਵਿੱਚ ਮਿਲੀ ਇਸ ਸ਼ਾਨਦਾਰ ਜਿੱਤ ਨੂੰ ਲੋਕਤੰਤਰ ਦੀ ਜਿੱਤ ਕਰਾਰ ਦਿੰਦਿਆਂ ਕਿਹਾ ਕਿ ਇਹ ਸਫਲਤਾ ਹਲਕੇ ਦੇ ਲੋਕਾਂ ਦੇ ਭਰੋਸੇ ਅਤੇ ਪਿਆਰ ਦਾ ਨਤੀਜਾ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਸ਼ਹੀਦੀ ਪੰਦਰਵਾੜੇ ਦੀ ਪਾਵਨ ਮਰਿਆਦਾ ਨੂੰ ਧਿਆਨ ਵਿੱਚ ਰੱਖਦਿਆਂ, ਇਸ ਜਿੱਤ ਨੂੰ ਬੜੀ ਸ਼ਾਂਤੀ, ਸਾਦਗੀ ਅਤੇ ਸਨਮਾਨ ਨਾਲ ਮਨਾਇਆ ਗਿਆ। ਕਿਸੇ ਵੀ ਤਰ੍ਹਾਂ ਦੀ ਧੂਮ-ਧਾਮ ਤੋਂ ਪਰਹੇਜ਼ ਕਰਦੇ ਹੋਏ, ਸਾਰਿਆਂ ਨੇ ਇਕੱਠੇ ਹੋ ਕੇ ਪ੍ਰਮਾਤਮਾ ਅੱਗੇ ਨਿਮਰਤਾ ਨਾਲ ਸ਼ੁਕਰਾਨਾ ਅਦਾ ਕੀਤਾ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਸ੍ਰ. ਬੈਂਸ ਨੇ ਦੱਸਿਆ ਗਿਆ ਕਿ ਮਾਘੀ ਦੇ ਪਵਿੱਤਰ ਦਿਹਾੜੇ 'ਤੇ ਇਸ ਇਤਿਹਾਸਕ ਜਿੱਤ ਦੀ ਖੁਸ਼ੀ ਵਿੱਚ ਅਤੇ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਨ ਲਈ ਇੱਕ ਵੱਡਾ ਧਾਰਮਿਕ ਤੇ ਸਮਾਜਿਕ ਸਮਾਗਮ ਆਯੋਜਿਤ ਕੀਤਾ ਜਾਵੇਗਾ, ਜਿਸ ਵਿੱਚ ਹਲਕੇ ਦੇ ਵੱਡੀ ਗਿਣਤੀ ਵਿੱਚ ਲੋਕ ਸ਼ਮੂਲੀਅਤ ਕਰਨਗੇ। ਇਹ ਸਮਾਗਮ ਏਕਤਾ, ਭਾਈਚਾਰੇ ਅਤੇ ਸੇਵਾ ਭਾਵਨਾ ਦਾ ਪ੍ਰਤੀਕ ਹੋਵੇਗਾ। ਕੈਬਨਿਟ ਮੰਤਰੀ ਨੇ ਆਮ ਆਦਮੀ ਪਾਰਟੀ ਨੂੰ ਇੱਕ ਵਾਰ ਫੇਰ ਵੱਡਾ ਫ਼ਤਵਾ ਦੇਣ ਲਈ ਹਲਕੇ ਦੇ ਸਮੂਹ ਵੋਟਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਕਿਹਾ ਕਿ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਦਿਆਂ ਹਲਕੇ ਦੇ ਵਿਕਾਸ, ਪਾਰਦਰਸ਼ਤਾ ਅਤੇ ਲੋਕ-ਹਿੱਤ ਦੇ ਕੰਮਾਂ ਲਈ ਇਮਾਨਦਾਰੀ, ਨਿਮਰਤਾ ਅਤੇ ਦਿਨ-ਰਾਤ ਮਿਹਨਤ ਨਾਲ ਸੇਵਾ ਜਾਰੀ ਰਹੇਗੀ।

ਹਰਿਆਣਾ ਕਮੇਟੀ ਗੁਰੂ ਕੀ ਗੋਲਕ ਦੀ ਬੇਰਹਿਮੀ ਨਾਲ ਦੁਰਵਰਤੋਂ ਕਰ ਰਿਹਾ ਪ੍ਰਧਾਨ ਝੀਂਡਾ ਤੁਰੰਤ ਦੇਵੇ ਅਸਤੀਫ਼ਾ - ਕਮੇਟੀ ਮੈਂਬਰ

●ਲੋਟੂ ਟੋਲੇ ਦੀ ਨਜ਼ਰ ਸਿਰਫ਼ ਤੇ ਸਿਰਫ਼ ਗੁਰੂ ਦੀ ਗੋਲਕ ਅਤੇ ਕੁਰਸੀ ਤੇ – ਝੀਂਡਾ ●ਕਮੇਟੀ ਸ਼ਾਨ ਨਾਲ ਆਪਣਾ ਕੰਮ ਕਰ ਰਹੀ ਹੈ

ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਮੁੱਚਾ ਪ੍ਰਬੰਧ ਬੁਰੀ ਤਰ੍ਹਾਂ ਨਾਲ ਡਗਮਗਾ ਗਿਆ ਹੈ । ਗੁਰੂ ਘਰਾਂ ਦੇ ਪ੍ਰਬੰਧਾਂ ਵਿੱਚ ਬਹੁਤ ਭਾਰੀ ਗਿਰਾਵਟ ਆ ਚੁੱਕੀ ਹੈ ਅਤੇ ਧਰਮ ਪ੍ਰਚਾਰ ਅਤੇ ਵਿੱਦਿਆ ਖੇਤਰ ਬੁਰੀ ਤਰ੍ਹਾਂ ਨਾਲ ਅਸਫਲ ਹੋ ਚੁੱਕਾ ਹੈ। ਗੁਰੂ ਕੀ ਗੋਲਕ ਦੇ ਫੰਡਾਂ ਦੀ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਰੱਜ ਕੇ ਦੁਰਵਰਤੋਂ ਕਰ ਰਿਹਾ ਹੁਣ ਤੱਕ ਦੇ ਸਮੂਹ ਪ੍ਰਧਾਨਾਂ 'ਚੋਂ ਝੀਂਡਾ ਸਭ ਤੋਂ ਨਿਕੰਮਾ ਪ੍ਰਧਾਨ ਸਾਬਤ ਹੋਇਆ ਹੈ । ਅਜਿਹੇ ਨਿਕੰਮੇ ਪ੍ਰਧਾਨ ਨੂੰ ਆਪਣੇ ਅਹੁਦੇ ਤੋਂ ਤੁਰੰਤ ਅਸਤੀਫ਼ਾ ਦੇਣਾ ਚਾਹੀਦਾ ਹੈ । ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਅੱਜ ਚੰਡੀਗੜ੍ਹ ਪ੍ਰੈਸ ਕਲੱਬ ਵਿੱਚ ਇੱਕ ਵਿਸ਼ੇਸ਼ ਪ੍ਰੈੱਸ ਕਾਨਫਰੰਸ ਕਰਦਿਆਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਅਤੇ ਮੈਂਬਰ ਸਾਹਿਬਾਨਾਂ ਵੱਲੋਂ ਕੀਤਾ ਗਿਆ ਜਿਨ੍ਹਾਂ ਵਿੱਚ ਗੁਰਮੀਤ ਸਿੰਘ ਰਾਮਸਰ ਸੀਨੀਅਰ ਮੀਤ ਪ੍ਰਧਾਨ, ਗੁਰਬੀਰ ਸਿੰਘ ਤਲਾਕੌਰ ਜੂਨੀਅਰ ਮੀਤ ਪ੍ਰਧਾਨ, ਜਗਤਾਰ ਸਿੰਘ ਮਾਨ ਅੰਤਰਿੰਗ ਮੈਂਬਰ, ਤਜਿੰਦਰਪਾਲ ਸਿੰਘ ਨਾਰਨੌਲ ਅੰਤ੍ਰਿੰਗ ਮੈਂਬਰ, ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ, ਸੀਨੀਅਰ ਮੈਂਬਰ ਦੀਦਾਰ ਸਿੰਘ ਨਲਵੀ, ਰਜਿੰਦਰ ਸਿੰਘ ਬਰਾੜਾ ਮੈਂਬਰ, ਗੁਰਤੇਜ ਸਿੰਘ ਅੰਬਾਲਾ ਮੈਂਬਰ, ਮੇਅਰ ਭੁਪਿੰਦਰ ਸਿੰਘ ਪਾਣੀਪਤ ਮੈਂਬਰ, ਸਵਰਨ ਸਿੰਘ ਬੁੰਗਾ ਟਿੱਬੀ ਮੈਂਬਰ, ਸਰਪੰਚ ਭੁਪਿੰਦਰ ਸਿੰਘ ਲਾਡੀ ਸੌਂਕੜਾ ਮੈਂਬਰ ਪ੍ਰਤੀਨਿਧ (ਬੀਬੀ ਕਪੂਰ ਕੌਰ ਸੌਂਕੜਾ ਮੈਂਬਰ), ਭੁਪਿੰਦਰ ਸਿੰਘ ਸੈਣੀ ਮੈਂਬਰ ਪ੍ਰਤੀਨਿਧ (ਕੈਪਟਨ ਦਿਲਬਾਗ ਸਿੰਘ ਸੈਣੀ ਮੈਂਬਰ), ਸੁਖਵਿੰਦਰ ਸਿੰਘ ਮੰਡੇਬਰ ਸਾਬਕਾ ਜਰਨਲ ਸਕੱਤਰ ਸ਼ਾਮਿਲ ਸਨ । ਸਮੁੱਚੇ ਅਹੁਦੇਦਾਰ ਅਤੇ ਮੈਂਬਰ ਸਾਹਿਬਾਨਾਂ ਨੇ ਇਕਸੁਰਤਾ ਨਾਲ ਕਿਹਾ ਕਿ ਜਗਦੀਸ਼ ਸਿੰਘ

ਝੀਂਡਾ ਨੇ ਪ੍ਰਧਾਨ ਬਣਦਿਆਂ ਜੋ ਐਲਾਨ ਕੀਤੇ ਸਨ ਇੱਕ ਵੀ ਪੂਰਾ ਨਹੀਂ ਕੀਤਾ ਜਿਵੇਂ ਯੂਨੀਵਰਸਿਟੀ ਸਕੂਲ ਖੋਲ੍ਹਣ ਦਾ ਐਲਾਨ, ਸਿਰੋਪੇ ਨਾ ਦੇਣ ਦਾ ਐਲਾਨ, ਗੁਰਦੁਆਰੇ ਦੀਆਂ ਗੱਡੀਆਂ ਦੀ ਵਰਤੋਂ ਨਾ ਕਰਨ ਦਾ ਐਲਾਨ, ਮੁਲਾਜ਼ਮਾਂ ਦੀ ਦੁਰਵਰਤੋਂ ਨਾ ਕਰਨ ਦਾ ਐਲਾਨ, ਵੀਆਈਪੀ ਕਲਚਰ ਬੰਦ ਕਰਨ ਦਾ ਐਲਾਨ ਝੀਂਡਾ ਵੱਲੋਂ ਕੀਤਾ

ਗਿਆ ਸੀ ਪਰ ਹੁਣ ਇਸ ਤੋਂ ਉਲਟ ਝੀਂਡਾ ਖੁਦ ਪਤਿਤ ਲੋਕਾਂ ਨੂੰ ਵੀ ਕੇਸਰੀ ਸਿਰੋਪੇ ਵੰਡ ਰਿਹਾ ਹੈ । ਕਮੇਟੀ ਦੀਆਂ ਦੋ ਗੱਡੀਆਂ ਤੇ 12 ਮੁਲਾਜ਼ਮਾਂ ਦੀ ਨਿੱਜੀ ਵਰਤੋਂ ਕਰ ਰਿਹਾ ਹੈ । ਕਾਲਾ ਦਿਵਸ ਦੇ ਨਾਂ ਤੇ ਗੁਰਦੁਆਰੇ ਦੀਆਂ ਗੋਲਕਾਂ ਤੇ ਮੁਲਾਜ਼ਮਾਂ ਦੀ ਦੁਰਵਰਤੋਂ ਕੀਤੀ । ਹੜ੍ਹ ਪੀੜਤਾਂ ਦੇ ਨਾਂ ਤੇ ਆਪਣਾ ਨਿੱਜੀ ਅਕਾਊਂਟ ਦੇ ਕੇ ਪੈਸਾ ਇਕੱਠਾ ਕੀਤਾ ਹੈ । ਵਿੱਦਿਆ ਖੇਤਰ ਨਰਸਿੰਗ ਕਾਲਜ ਅਤੇ ਤਿਲੋਕੇਵਾਲਾ ਸਕੂਲ ਵਿੱਚ ਮਨਮਰਜ਼ੀ ਦੀਆਂ ਬਦਲੀਆਂ ਕਰਕੇ ਸਕੂਲ ਸਿਸਟਮ ਫੇਲ ਕਰ ਦਿੱਤਾ ਹੈ । ਜਗਦੀਸ ਸਿੰਘ ਝੀਂਡਾ ਕਮੇਟੀ ਦਾ ਡਿਕਟੇਟਰ ਬਣਿਆ ਹੋਇਆ ਹੈ। 2 ਜਰਨਲ ਹਾਊਸ ਅਤੇ 3 ਐਗਜ਼ੈਕਟਿਵ ਮੀਟਿੰਗਾਂ ਫੇਲ ਹੋ ਚੁੱਕੀਆਂ ਹਨ । ਝੀਂਡਾ ਐਸਾ ਪਹਿਲਾ ਪ੍ਰਧਾਨ ਹੈ ਜੋ ਆਪਣਾ ਬਜ਼ਟ ਆਪ ਫੇਲ ਕਰ ਚੁੱਕਾ ਹੈ। ਸਮੂਹ ਅਹੁਦੇਦਾਰ ਅਤੇ ਮੈਂਬਰ ਉਨ੍ਹਾਂ ਕਿਹਾ ਸਰਕਾਰ ਨੂੰ ਅਪੀਲ ਹੈ ਕਿ ਇਨ੍ਹਾਂ ਦੋਨਾਂ ਗੁਰਦੁਆਰਾ ਜੁਡੀਸ਼ਲ ਕਮਿਸ਼ਨਰਾਂ ਨੂੰ ਤਬਦੀਲ ਕਰਕੇ ਚੰਗੇ ਇਨਸਾਫ ਪਸੰਦ ਕਮਿਸ਼ਨਰ ਇਨਾਂ ਦੀ ਜਗਾਂ ਤੇ ਲਗਾਏ ਜਾਣ ਜੋ ਇਨਸਾਫ਼ ਦੇਣ। ਜਥੇਦਾਰ ਦਾਦੂਵਾਲ ਸਮੇਤ ਸਮੂਹ ਅਹੁਦੇਦਾਰ ਅਤੇ ਮੈਂਬਰ ਸਾਹਿਬਾਨਾਂ ਨੇ ਇੱਕਸੁਰਤਾ ਨਾਲ ਕਿਹਾ ਕਿ ਝੀਂਡਾ ਗੁਰਦੁਆਰਾ ਫੰਡਾਂ ਦੀ ਦੁਰਵਰਤੋਂ ਤੁਰੰਤ ਬੰਦ ਕਰੇ ਨਹੀਂ ਤਾਂ ਇਹ ਫੰਡ ਗਲਤ ਸਾਥ ਦੇ ਰਹੇ ਮੁਲਾਜ਼ਮਾਂ ਅਤੇ ਝੀਂਡਾ ਨੂੰ ਆਪਣੀ ਜੇਬ ਵਿਚੋਂ ਭਰਨਾ ਪਵੇਗਾ । ਗੁਰਦੁਆਰਾ ਪ੍ਰਬੰਧਾਂ ਅਤੇ ਧਰਮ ਪ੍ਰਚਾਰ ਦੇ ਹਰ ਫਰੰਟ ਤੇ ਫੇਲ ਹੋਇਆ ਪ੍ਰਧਾਨ ਝੀਂਡਾ ਤੁਰੰਤ ਅਸਤੀਫ਼ਾ ਦੇਵੇ। ਦੂਜੇ ਪਾਸੇ ਜਦੋਂ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨਾਲ ਇਸ ਬਾਬਤ ਗੱਲ ਕੀਤੀ ਗਈ ਤਾਂ ਉਹਨਾਂ ਆਖਿਆ ਕਿ ਇਹ ਆਪ ਸਭ ਬਜਟ ਪਾਸ ਨਹੀਂ ਹੋਣ ਦਿੰਦੇ ਤਾਂ ਕਿ ਕਿਸੇ ਤਰੀਕੇ ਗੋਲਕ ਤੇ ਕਾਬਜ਼ ਹੋ ਜਾਣ, ਨਾਲੇ ਇਸ ਲੋਟੂ ਟੋਲੇ ਦੀ ਹਰ ਗੱਲ ਦਾ ਜੁਆਬ ਮੈਂ ਦੇਵਾਂ ਇਹ ਜਰੂਰੀ ਨਹੀਂ । ਇਹਨਾਂ ਨੂੰ ਕੁਰਸੀ ਅਤੇ ਗੋਲਕ ਚਾਹੀਦੀ ਹੈ ਜੋ ਸੰਗਤ ਨੇ ਇਹਨਾ ਤੋਂ ਖੋਹ ਲਈ ਹੈ। ਬਾਕੀ ਕਮੇਟੀ ਦੇ ਕੰਮ ਨੂੰ ਦੇਸ਼ ਵਿਦੇਸ਼ ਦੀ ਸੰਗਤ ਵੇਖ ਰਹੀ ਹੈ ਅਤੇ ਸਲਾਹ ਰਹੀ ਹੈ।

ਮਾਲੇਰਕੋਟਲਾ ਦੀਆਂ ਦੋ ਸੰਮਤੀਆਂ ਉਪਰ ਆਪ ਦਾ ਕਬਜ਼ਾ,ਜਦਕਿ ਇੱਕ ਚ ਆਪ-ਕਾਂਗਰਸ ਤੇ ਐਸ.ਏ.ਡੀ ਨੂੰ ਵੋਟਰਾਂ ਦਾ ਰਲਵਾਂ-ਮਿਲਵਾਂ ਹੁੰਗਾਰਾ

ਮਾਲੇਰਕੋਟਲਾ-18 (ਕੁਲਵੰਤ ਸਿੰਘ ਮੁਹਾਲੀ) ਪੰਜਾਬ ਦੇ 23ਵੇਂ ਨਵੇਂ ਬਣੇ ਜ਼ਿਲ੍ਹਾ ਮਾਲੇਰਕੋਟਲਾ ਦੀ ਨਵੀਂ ਬਣੀ ਜ਼ਿਲ੍ਹਾ ਪ੍ਰੀਸ਼ਦ ਅਧੀਨ ਆਉਂਦੀਆਂ ਜ਼ਿਲ੍ਹੇ ਦੀਆਂ ਤਿੰਨ ਪੰਚਾਇਤ ਸੰਮਤੀਆਂ ਲਈ 45 ਜ਼ੋਨਾਂ ਲਈ 14 ਦਸੰਬਰ ਨੂੰ ਦੇ ਮਿਤੀ 17/12/25 ਨੂੰ ਆਏ ਨਤੀਜੇ ਸਬੰਧੀ ਰਿਟਰਨਿੰਗ ਅਫਸਰ ਪੰਚਾਇਤ ਸੰਮਤੀ ਅਹਿਮਦਗੜ੍ਹ ਵੱਲੋਂ ਜਾਰੀ ਕੀਤੀ ਸੂਚਨਾ ਅਨੁਸਾਰ ਅਹਿਮਦਗੜ੍ਹ ਪੰਚਾਇਤ ਸੰਮਤੀ ਦੇ ਜ਼ੋਨ-1 ਦਹਿਲੀਜ਼ ਕਲਾਂ (ਜਰਨਲ) ਤੋਂ ਰਵਿੰਦਰ ਸਿੰਘ/ਜਸਵੰਤ ਸਿੰਘ (ਕਾਂਗਰਸ) ਨੇ 123 ਵੋਟਾਂ ਨਾਲ ਜਿੱਤ ਪ੍ਰਾਪਤ ਕੀਤੀ ਹੈ ਜਦਕਿ ਜ਼ੋਨ-2 ਜੰਡਾਲੀ ਕਲਾਂ (ਇਸਤਰੀ) ਤੋਂ ਸ੍ਰੀਮਤੀ ਗਗਨਦੀਪ ਕੌਰ/ਹਰਪ੍ਰੀਤ ਸਿੰਘ (ਆਜ਼ਾਦ)-799 ਵੋਟਾਂ, ਜ਼ੋਨ-3 ਕੰਗਣਵਾਲ (ਇਸਤਰੀ ਐਸ.ਸੀ)ਤੋਂ ਸ੍ਰੀਮਤੀ ਕਮਲਜੀਤ ਕੌਰ/ਦਰਸ਼ਨ ਸਿੰਘ-ਕਾਂਗਰਸ-253, ਜ਼ੋਨ-4 ਰੋਹੀੜਾ (ਇਸਤਰੀ) ਤੋਂ ਨਾਸਰਾ ਬੀਬੀ/ਇਰਫਾਨ ਖਾਨ-ਸ਼੍ਰੋ.ਅ.ਦ (ਬ)-347, ਜ਼ੋਨ-5 ਨੱਥੂਮਾਜਰਾ (ਇਸਤਰੀ) ਤੋਂ ਸੰਦੀਪ ਕੌਰ ਸੁਖਜਿੰਦਰ ਸਿੰਘ-ਕਾਂਗਰਸ-288, ਜ਼ੋਨ-6 ਕੁੱਪ ਕਲਾਂ (ਜਰਨਲ) ਤੋਂ ਮੋਹਨਜੀਤ ਸਿੰਘ/ਠਾਕੁਰ ਸਿੰਘ-ਆਪ-471, ਜ਼ੋਨ-7 ਮਤੋਈ(ਇਸਤਰੀ) ਤੋਂ ਸ੍ਰੀਮਤੀ ਜਸਵੀਰ ਕੌਰ/ਜਵਿੰਦਰ ਸਿੰਘ-ਆਪ-294, ਜ਼ੋਨ-8 ਭੋਗੀਵਾਲ(ਜਰਨਲ) ਤੋਂ ਗੁਰਪ੍ਰੀਤ ਸਿੰਘ/ ਪਲਵਿੰਦਰ ਸਿੰਘ-ਕਾਂਗਰਸ-149, ਜ਼ੋਨ-9 ਸਰੌਦ (ਜਰਨਲ) ਤੋਂ ਹਰਦੇਵ ਸਿੰਘ/ਮਹਿੰਦਰ ਸਿੰਘ-ਆਜ਼ਾਦ-308, ਜ਼ੋਨ-10 ਖਾਨਪੁਰ (ਐਸ.ਸੀ) ਤੋਂ ਹਰਜਿੰਦਰ ਸਿੰਘ/ਸਾਧੂ ਸਿੰਘ-ਆਪ-285, ਜ਼ੋਨ-11 ਦੁੱਗਰੀ(ਐਸ.ਸੀ) ਇਸਤਰੀ) ਤੋਂ ਸ੍ਰੀਮਤੀ.ਜਸਪ੍ਰੀਤ ਕੌਰ-ਆਪ-ਬਿਨਾਂ ਮੁਕਾਬਲਾ ਜੇਤੂ, ਜ਼ੋਨ-12 ਲਸੋਈ (ਜਰਨਲ) ਤੋਂ ਜਰਨੈਲ ਸਿੰਘ ਟਿਵਾਣਾ/ ਨਿਰਮਲ ਸਿੰਘ-ਆਪ-94, ਜ਼ੋਨ-13 ਭੁਰਥਲਾ ਮੰਡੇਰ (ਐਸ.ਸੀ) ਤੋਂ ਰਵਿੰਦਰ ਸਿੰਘ/ਲਾਭ ਸਿੰਘ-ਆਪ-289, ਜ਼ੋਨ-14 ਰਾਣਵਾ (ਇਸਤਰੀ) ਤੋਂ ਬਲਜਿੰਦਰ ਕੌਰ/ਦਰਸ਼ਨ ਸਿੰਘ-ਆਪ-185, ਇਸੇ ਤਰਾਂ ਜ਼ੋਨ-15 ਬਿੰਜੋਕੀ ਖੁਰਦ (ਜਰਨਲ) ਤੋਂ ਮੁਹੰਮਦ ਅਸਲਮ/ਮੁਹੰਮਦ ਯਾਕੂਬ-ਆਮ ਆਦਮੀ ਪਾਰਟੀ ਨੂੰ 256 ਵੋਟਾਂ ਨਾਲ ਇਨ੍ਹਾਂ ਚੋਣਾਂ ਵਿੱਚ ਜੇਤੂ ਕਰਾਰ ਦਿੱਤਾ ਗਿਆ ਹੈ।ਇਸ ਬਲਾਕ ਸੰਮਤੀ ਵਿੱਚ ਆਪ ਨੂੰ 08, ਕਾਂਗਰਸ ਨੂੰ 04, ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ 01 ਅਤੇ ਦੋ ਆਜ਼ਾਦ ਉਮੀਦਵਾਰ ਚੋਣ ਜਿੱਤੇ ਹਨ।

ਜ਼ਿਲ੍ਹੇ ਦੇ ਦੂਸਰੀ ਪੰਚਾਇਤ ਸੰਮਤੀ ਅਮਰਗੜ੍ਹ ਦੇ ਰਿਟਰਨਿੰਗ ਅਫਸਰ ਵੱਲੋਂ ਜਾਰੀ ਕੀਤੀ ਸੂਚਨਾ ਅਨੁਸਾਰ ਅਮਰਗੜ੍ਹ ਪੰਚਾਇਤ ਸੰਮਤੀ ਦੇ ਫਾਈਨਲ ਐਲਾਨੇ ਨਤੀਜੇ ਅਨੁਸਾਰ ਜ਼ੋਨ ਬਾਗੜੀਆਂ-1 (ਐਸ.ਸੀ ਇਸਤਰੀ) ਲਈ ਸ੍ਰੀਮਤੀ ਪਰਮਜੀਤ ਕੌਰ/ਜਰਨੈਲ ਸਿੰਘ-ਆਪ-188 ਵੋਟਾਂ ਲੈਕੇ ਜੇਤੂ ਰਹੀ ਜਦਕਿ, ਜ਼ੋਨ-2 ਭੜੀਮਾਨਸਾ (ਇਸਤਰੀ) ਤੋਂ ਸ੍ਰੀਮਤੀ ਸੁਖਜੀਤ ਕੌਰ-ਕਾਂਗਰਸ-325, ਜ਼ੋਨ-3 ਨੰਗਲ (ਜਰਨਲ) ਤੋਂ ਚਰਨਜੋਤ ਸਿੰਘ-ਆਪ-97, ਜ਼ੋਨ-4 ਝੱਲ (ਜਰਨਲ) ਤੋਂ .ਹਰਪ੍ਰੀਤ ਸਿੰਘ-ਆਜ਼ਾਦ-140, ਜ਼ੋਨ-5 ਚੌਂਦਾ (ਐਸ. ਸੀ) ਤੋ. ਪ੍ਰਗਟ ਸਿੰਘ ਕਾਂਗਰਸੀ ਉਮੀਦਵਾਰ ਨੂੰ-02 (ਜ਼ਿਲ੍ਹਾ ਮਾਲੇਰਕੋਟਲਾ ਚ ਸਭ ਤੋਂ ਘੱਟ ਵੋਟਾਂ ਦੇ ਫਰਕ ਨਾਲ ਜੇਤੂ ਕਰਾਰ ਦਿੱਤਾ ਗਿਆ ਹੈ), ਇਸੇ ਤਰਾਂ ਜ਼ੋਨ-6 ਰਾਮਪੁਰ ਛੰਨਾ (ਜਰਨਲ) ਜਤਿੰਦਰ ਸਿੰਘ-ਆਜ਼ਾਦ-260, ਜ਼ੋਨ-7 ਭੁਮਸੀ(ਐਸ.ਸੀ ਇਸਤਰੀ) ਕ੍ਰਿਸ਼ਨਾ ਦੇਵੀ-ਆਪ-196, ਜ਼ੋਨ-8 ਮੰਨਵੀ (ਇਸਤਰੀ) ਤੋਂ ਸ੍ਰੀਮਤੀ ਮਨਜੀਤ ਕੌਰ ਬਿਨਾਂ ਮੁਕਾਬਲਾ ਜਿੱਤ ਚੁੱਕੇ ਹਨ, ਜ਼ੋਨ-9 ਨਾਰੀਕੇ (ਜਰਨਲ) ਤੋਂ ਗੁਰਮੀਤ ਸਿੰਘ-ਕਾਂਗਰਸ-84, ਜ਼ੋਨ-10 ਬਨਭੌਰ (ਐਸ.ਸੀ) ਤੋਂ ਰਾਜਵਿੰਦਰ ਸਿੰਘ-ਆਪ-440, ਜ਼ੋਨ-11 ਗੁਆਰਾ (ਇਸਤਰੀ) ਤੋਂ ਰਣਜੀਤ ਕੌਰ-ਆਪ-30, ਜ਼ੋਨ-13 ਮਾਣ ਕਮਾਜਰਾ (ਇਸਤਰੀ) ਤੋਂ ਸ੍ਰੀਮਤੀ ਰਣਜੀਤ ਕੌਰ ਆਪ-156, ਜ਼ੋਨ ਸਕੋਹਪੁਰ ਸੰਗਰਾਮ (ਐਸ.ਸੀ) ਤੋਂ ਜਸਵੀਰ ਸਿੰਘ-ਕਾਂਗਰਸ-304, ਜ਼ੋਨ-14 ਹਿੰਮਤਾਨਾ (ਜਰਨਲ) ਤੋਂ ਸਲਾਮ ਦੀਨ-112 ਅਤੇ ਜ਼ੋਨ-15 ਹੁਸੈਨਪੁਰਾ (ਇਸਤਰੀ) ਤੋਂ ਸ੍ਰੀਮਤੀ ਮਨਜੀਤ ਕੌਰ ਆਪ ਨੂੰ 207 ਵੋਟਾਂ ਦੇ ਫਰਕ ਨਾਲ ਜੇਤੂ ਕਰਾਰ ਦਿੱਤਾ ਗਿਆ ਹੈ।ਇਸ ਪੰਚਾਇਤ ਸੰਮਤੀ ਵਿੱਚ ਆਪ ਨੂੰ 09 ਕਾਂਗਰਸ 04 ਅਤੇ ਦੋ ਆਜ਼ਾਦ ਉਮੀਦਵਾਰ ਚੋਣ ਜਿੱਤੇ ਜਦਕਿ ਅਕਾਲੀ ਦਲ ਬਾਦਲ ਇਥੋਂ ਆਪਣਾ ਖਾਤਾ ਵੀ ਨਹੀ ਖੋਲ੍ਹ ਸਕਿਆ।

ਇਸੇ ਤਰਾਂ ਜ਼ਿਲ੍ਹੇ ਦੀ ਤੀਸਰੀ ਪੰਚਾਇਤ ਸੰਮਤੀ ਮਾਲੇਰਕੋਟਲਾ (ਹੈੱਡਕੁਆਰਟਰ) ਦੇ ਰਿਟਰਨਿੰਗ ਅਫਸਰ ਵੱਲੋਂ ਜਿਨ੍ਹਾਂ ਉਮੀਦਵਾਰਾਂ ਨੂੰ ਜੇਤੂ ਐਲਾਨਿਆਂ ਗਿਆ ਹੈ ਉਨ੍ਹਾਂ ਵਿੱਚ ਜ਼ੋਨ-1 ਮਹੋਲੀ ਕਲਾਂ (ਐਸ.ਸੀ) ਤੋਂ 1 ਮੇਜਰ ਸਿੰਘ-ਆਪ ਨੂੰ 110 ਵੋਟਾਂ ਨਾਲ ਜੇਤੂ ਕਰਾਰ ਦਿੱਤਾ ਗਿਆ ਹੈ, ਇਸੇ ਤਰਾਂ ਜ਼ੋਨ-2 ਝੁਨੇਰ (ਜਰਨਲ) ਤੋਂ ਕੁਲਵਿੰਦਰ ਸਿੰਘ-ਕਾਂਗਰਸ-173, ਜ਼ੋਨ-3.ਖੁਰਦ (ਇਸਤਰੀ) ਤੋਂ ਸ੍ਰੀਮਤੀ.ਬਲਜੀਤ ਕੌਰ-ਸ਼੍ਰੋ.ਅ.ਦ.(ਬ) ਨੂੰ 133, ਜ਼ੋਨ-4 ਦਸੋਂਦਾ ਸਿੰਘ ਵਾਲਾ (ਐਸ ਸੀ) ਤੋਂ.ਸੰਤੋਖ ਸਿੰਘ-ਆਪ-367, ਜ਼ੋਨ-5 ਫਿਰੋਜ਼ਪੁਰ ਕੁਠਾਲਾ (ਇਸਤਰੀ) ਤੋਂ ਸ੍ਰੀਮਤੀ ਹਰਜੀਤ ਕੌਰ-ਕਾਂਗਰਸ-317, ਜ਼ੋਨ-6 ਕਸਬਾ ਭਰਾਲ (ਇਸਤਰੀ) ਤੋਂ ਪਰਮਜੀਤ ਕੌਰ-ਸ਼੍ਰੋ.ਅ.ਦ.(ਬ)-114, ਜ਼ੋਨ-7 ਸੰਦੌੜ-(ਜਰਨਲ) ਤੋਂ ਜਗਮੋਹਨ ਸਿੰਘ-ਆਪ ਨੂੰ 89, ਜ਼ੋਨ-8 ਹਥਨ (ਐਸ.ਸੀ ਇਸਤਰੀ) ਤੋਂ ਸ੍ਰੀਮਤੀ.ਸੁਖਪਾਲ ਕੌਰ-ਕਾਂਗਰਸ ਨੂੰ 336, ਜ਼ੋਨ-9 ਅਹਿਮਦਪੁਰ (ਜਰਨਲ) ਤੋਂ.ਸੁਦਾਗਰ ਸਿੰਘ-ਸ਼੍ਰੋ.ਅ.ਦ.(ਬ) ਨੂੰ 78, ਜ਼ੋਨ-10 ਇਲਤਾਫਤਪੁਰਾ (ਇਸਤਰੀ) ਤੋਂ ਮੈਡਮ ਸ਼ਹਿਨਾਜ਼ ਬਾਨੋ-ਸ਼੍ਰੋ.ਅ.ਦ.(ਬ) ਨੂੰ 163, ਜ਼ੋਨ-11 ਭੂਦਨ (ਐਸ.ਸੀ) ਤੋਂ ਮਨਪ੍ਰੀਤ ਸਿੰਘ-ਸ਼੍ਰੋ.ਅ.ਦ.(ਬ) ਨੂੰ 133, ਜ਼ੋਨ-12 ਸ਼ੇਰਬਾਨੀ ਕੋਟ (ਜਰਨਲ ਇਸਤਰੀ) ਤੋਂ. ਮੈਡਮ ਸੈਦਾਂ ਪ੍ਰਵੀਨ-ਆਪ ਨੂੰ 253, ਜ਼ੋਨ-13 ਧਨੌ (ਇਸਤਰੀ) ਤੋਂ ਸ੍ਰੀਮਤੀ.ਗੁਰਮੀਤ ਕੌਰ-ਕਾਂਗਰਸ ਨੂੰ 161, ਜ਼ੋਨ 14 ਮੁਬਾਰਕਪੁਰ ਚੁੰਘਾ(ਜਰਨਲ) ਤੋਂ ਗੁਰਮੁਖ ਸਿੰਘ-ਸ਼੍ਰੋ.ਅ.ਦ.(ਬ) ਨੂੰ 298 ਅਤੇ ਜ਼ੋਨ-15 ਨੌਧਰਾਣੀ(ਜਰਨਲ) ਤੋਂ ਕੁਲਵੀਰ ਸਿੰਘ-ਆਪ ਨੂੰ 164 ਵੋਟਾਂ ਦੇ ਅੰਤਰ ਨਾਲ ਬਲਾਕ ਸੰਮਤੀ ਲਈ ਜੇਤੂ ਕਰਾਰ ਦਿੱਤਾ ਗਿਆ ਹੈ।ਇਸ ਪੰਚਾਇਤ ਸੰਮਤੀ ਵਿੱਚ ਆਪ ਨੂੰ 05,ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ 06 ਅਤੇ ਕਾਂਗਰਸ ਨੂੰ 04 ਸੀਟਾਂ ਮਿਲੀਆਂ ਹਨ।

for more news visit:
www.samajweekly.com

ਡਾ ਜਗਜੀਤ ਸਿੰਘ ਵੱਲੋਂ ਦਿਲ ਦੇ ਮਰੀਜ਼ਾਂ-ਛੋਟੇ ਬੱਚਿਆਂ ਤੇ ਬਜ਼ੁਰਗਾਂ ਨੂੰ ਠੰਡ ਚ ਆਪਣਾ ਵਿਸ਼ੇਸ਼ ਖਿਆਲ ਰੱਖਣ ਦੀ ਸਲਾਹ

ਮਾਲੇਰਕੋਟਲਾ(ਕੁਲਵੰਤ ਸਿੰਘ ਮੁਹਾਲੀ) ਪਹਾੜੀ ਖੇਤਰਾਂ ਵਿੱਚ ਬਰਫਵਾਰੀ ਹੋਣ ਕਾਰਣ ਪੰਜਾਬ ਦੇ ਤਾਪਮਾਨ ਵਿੱਚ ਲਗਾਤਾਰ ਗਿਰਾਵਟ ਦਰਜ ਹੋਣ ਨਾਲ ਠੰਡ ਵੀ ਲਗਾਤਾਰ ਵੱਧ ਰਹੀ ਹੈ ਸਰਦੀ ਦੇ ਮੌਸਮ ਨੂੰ ਮੁੱਖ ਰੱਖਦੇ ਹੋਏ ਇਸ ਮੌਸਮ ਵਿੱਚ ਬਿਮਾਰੀਆਂ ਤੋਂ ਬਚਾਅ ਲਈ ਸਿਹਤ ਵਿਭਾਗ ਵੱਲੋਂ ਇਹ ਐਡਵਾਈਜ਼ਰੀ ਜਾਰੀ ਕੀਤੀ ਗਈ। ਇਹ ਜਾਣਕਾਰੀ ਪ੍ਰਸਿੱਧ ਡਾਕਟਰ ਜਗਜੀਤ ਸਿੰਘ ਨੇ ਮੀਡੀਆ ਨਾਲ ਸਾਂਝੀ ਕੀਤੀ। ਇਸ ਮੌਕੇ ਡਾ ਜਗਜੀਤ ਸਿੰਘ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਸ਼ੀਤ ਲਹਿਰ ਨਾਲ ਜ਼ਿਆਦਾਤਰ ਬਜੁਰਗ ਅਤੇ ਛੋਟੇ ਬੱਚੇ ਜਿਆਦਾ ਪ੍ਰਭਾਵਤ ਹੁੰਦੇ ਹਨ। ਉਨ੍ਹਾਂ ਨੂੰ ਸਰਦੀ ਲੱਗਣ ਨਾਲ ਕਈ ਤਰ੍ਹਾਂ ਦੀਆਂ ਬਿਮਾਰੀਆਂ ਹੋ ਸਕਦੀਆਂ ਹਨ। ਇਸ ਲਈ ਬਜੁਰਗ ਅਤੇ ਦਿਲ ਦੇ ਰੋਗਾਂ ਦੇ ਮਰੀਜ਼ ਸਵੇਰ ਅਤੇ ਦੇਰ ਸ਼ਾਮ ਦੇ ਸਮੇਂ ਜਿਆਦਾ ਠੰਡ ਅਤੇ ਧੁੰਦ ਹੋਣ ਤੇ ਸੈਰ ਕਰਨ ਜਾਂ ਘਰੋਂ ਬਾਹਰ ਜਾਣ ਤੋਂ ਗੁਰੇਜ਼ ਕਰਨ ਅਤੇ ਸ਼ੀਤ ਲਹਿਰ ਦੇ ਮੱਦੇਨਜ਼ਰ ਦੋ-ਪਹੀਆ ਵਾਹਨ ਦੀ ਵਰਤੋ ਵੀ ਘੱਟ ਕੀਤੀ ਜਾਵੇ। ਛੋਟੇ ਬੱਚਿਆਂ ਨੂੰ ਇਸ ਮੌਸਮ ਵਿੱਚ ਨਿਮੋਨੀਆ ਹੋਣ ਦਾ ਖਤਰਾ ਜਿਆਦਾ ਰਹਿੰਦਾ ਹੈ ਅਤੇ ਠੰਡ ਲੱਗਣ ਨਾਲ ਛੋਟੇ ਬੱਚਿਆਂ ਨੂੰ ਉਲਟੀ, ਦਸਤ ਵੀ ਲੱਗ ਸਕਦੇ ਹਨ। ਇਸ ਲਈ ਬੱਚਿਆਂ ਦੀ ਸੰਭਾਲ ਵੱਲ ਖਾਸ ਧਿਆਨ ਦਿੰਦੇ ਹੋਏ ਸਰਦੀ ਤੋਂ ਬਚਾਅ ਲਈ ਛੋਟੇ ਬੱਚਿਆਂ ਨੂੰ ਪੂਰੀ ਤਰ੍ਹਾਂ ਸਰੀਰ ਢੱਕਣ ਵਾਲੇ ਗਰਮ ਕੱਪੜੇ ਪਾਉਣ ਦੇ ਨਾਲ ਸਿਰ ਤੇ ਟੋਪੀ ਤੇ ਪੈਰਾਂ ਵਿੱਚ ਜੁਰਾਬਾਂ ਜ਼ਰੂਰ ਪਾਈਆਂ ਜਾਣ। ਉਨ੍ਹਾਂ ਕਿਹਾ ਕਿ ਸਰਦੀ ਦੇ ਮੌਸਮ ਵਿੱਚ ਘਰਾਂ ਵਿੱਚ ਬੰਦ ਕਮਰੇ ਵਿੱਚ ਅੰਗੀਠੀ ਬਾਲ ਕੇ ਕਦੇ ਵੀ ਅੱਗ ਨਾ ਸੇਕੀ ਜਾਵੇ, ਕਿਉਂਕਿ ਅੱਗ ਬਲਣ ਨਾਲ ਕਾਰਬਨ ਮੋਨੋਆਕਸਾਈਡ ਗੈਸ ਬਣਦੀ ਹੈ ਅਤੇ ਜਿਸ ਨਾਲ ਬੰਦ ਕਮਰੇ ਵਿੱਚ ਆਕਸੀਜਨ ਦੀ ਕਮੀ ਹੋ ਜਾਂਦੀ ਹੈ, ਜੋ ਕਿ ਸਾਡੇ ਲਈ ਜਾਨਲੇਵਾ ਵੀ ਸਾਬਤ ਹੋ ਸਕਦੀ ਹੈ। ਉਹਨਾਂ ਕਿਹਾ ਕਿ ਸਿਹਤ ਵਿਭਾਗ ਵੱਲੋ ਆਪਣੇ ਅਧੀਨ ਆਉਂਦੇ ਹਸਪਤਾਲਾਂ ਦੇ ਸੀਨੀਅਰ ਮੈਡੀਕਲ ਅਫ਼ਸਰਾਂ ਨੂੰ ਠੰਢ

ਨਾਲ ਪੀੜਤ ਮਰੀਜ਼ਾਂ ਦੇ ਇਲਾਜ ਲਈ ਹਸਪਤਾਲਾਂ ਵਿੱਚ ਲੋੜੀਂਦੇ ਇੰਤਜ਼ਾਮ ਕਰਨ ਲਈ ਕਿਹਾ ਗਿਆ ਹੈ। ਉਹਨਾਂ ਕਿਹਾ ਕਿ ਸਰਦੀ ਲੱਗਣ ਨਾਲ ਆਮ ਤੌਰ 'ਤੇ ਫਲੂ ਹੋ ਜਾਂਦਾ ਹੈ। ਠੰਢ ਵਿੱਚ ਕੰਬਣੀ ਆਉਣ ਨੂੰ ਵੀ ਨਜ਼ਰਅੰਦਾਜ਼ ਨਾ ਕੀਤਾ ਜਾਵੇ, ਕਿਉਂਕਿ ਇਹ ਪਹਿਲਾ ਸੰਕੇਤ ਹੈ ਕਿ ਤੁਹਾਡਾ ਸਰੀਰ ਗਰਮੀ ਗਵਾ ਰਿਹਾ ਹੈ। ਅਜਿਹੀ ਹਾਲਤ ਵਿੱਚ ਸ਼ਰਾਬ ਦਾ ਸੇਵਨ ਹਾਈਪੋਥਰਮੀਆ (ਸਰੀਰ ਦੇ ਤਾਪਮਾਨ ਵਿੱਚ ਗਿਰਾਵਟ) ਕਾਰਨ ਮੌਤ ਦੇ ਜੋਖ਼ਮ ਨੂੰ ਹੋਰ ਵਧਾ ਦਿੰਦਾ ਹੈ। ਲੰਮਾ ਸਮਾਂ ਜ਼ੁਕਾਮ ਰਹਿਣ ਕਾਰਨ ਜਾਂ ਠੰਢ ਕਾਰਨ ਹੱਥਾਂ/ਪੈਰਾਂ ਦੀਆਂ ਉਂਗਲਾਂ, ਨੱਕ ਜਾਂ ਕੰਨਾਂ ਦੇ ਬਾਹਰਲੇ ਪਾਸੇ ਕਾਲੇ ਛਾਲੇ ਹੋ ਸਕਦੇ ਹਨ। ਅਜਿਹੇ ਹਾਲਤਾਂ ਵਿੱਚ ਤੁਰੰਤ ਕਿਸੇ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।

ਐਸ.ਐਮ.ਓ ਨੇ ਕਿਹਾ ਕਿ ਦਮਾ ਅਤੇ ਸਾਹ ਦੀ ਬਿਮਾਰੀ ਦੇ ਮਰੀਜ਼ ਬਹੁਤੀ ਜ਼ਿਆਦਾ ਠੰਢ ਹੋਣ ਤੇ ਘਰੋਂ ਬਾਹਰ ਜਾਣ ਤੋਂ ਗੁਰੇਜ਼ ਕਰਨ ਅਤੇ ਖ਼ੁਰਾਕ ਵਿੱਚ ਵੀ ਗਰਮ ਚੀਜ਼ਾਂ ਜਿਵੇਂ ਸੂਪ, ਚਾਹ, ਕਾਫ਼ੀ, ਸੰਤੁਲਿਤ ਖ਼ੁਰਾਕ ਦਾ ਸੇਵਨ ਕਰਨ। ਇਸ ਮੌਸਮ ਵਿੱਚ ਗਰਮ ਕੱਪੜੇ ਦੋ ਜਾਂ ਤਿੰਨ ਪਰਤਾਂ ਵਿੱਚ ਪਾਏ ਜਾਣ ਤਾਂ ਜੋ ਸਰੀਰ ਦਾ ਤਾਪਮਾਨ ਨਾਰਮਲ ਬਣਿਆ ਰਹੇ। ਸਰੀਰ ਵਿੱਚ ਪਾਣੀ ਦੀ ਘਾਟ ਨੂੰ ਪੂਰਾ ਕਰਨ ਲਈ ਥੋੜ੍ਹੇ ਥੋੜ੍ਹੇ ਸਮੇਂ ਜਾ ਲੋੜ ਅਨੁਸਾਰ ਕੋਸਾ ਜਾਂ ਗਰਮ ਗੁਨਗੁਨਾ ਪਾਣੀ ਪੀਤਾ ਜਾਵੇ, ਸੰਤੁਲਿਤ ਖ਼ੁਰਾਕ ਦਾ ਸੇਵਨ ਕੀਤਾ ਜਾਵੇ। ਉਹਨਾਂ ਕਿਹਾ ਕਿ ਸੰਘਣੀ ਧੁੰਦ ਕਾਰਨ ਯਾਤਾਯਾਤ ਦੌਰਾਨ ਦੁਰਘਟਨਾਵਾਂ ਤੋਂ ਬਚਾਅ ਲਈ ਬੇਲੋੜੀ ਯਾਤਰਾ ਨੂੰ ਜਿੰਨਾ ਕੁ ਸਕੇ ਤਾਂ ਉਨਾ ਜਰੂਰ ਟਾਲਿਆ ਜਾਵੇ।

ਪੋਕਸੋ ਐਕਟ ਤੇ ਬਾਲ ਵਿਆਹ ਮੁਕਤ ਅਭਿਆਨ ਤਹਿਤ ਵਿਦਿਆਰਥੀਆਂ ਨੂੰ ਕੋਮਲ ਫਿਲਮ ਦੇਖਣ ਲਈ ਕੀਤਾ ਪ੍ਰੇਰਿਤ

ਮਾਲੇਰਕੋਟਲਾ (ਕੁਲਵੰਤ ਸਿੰਘ ਮੁਹਾਲੀ) ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਧੀਨ ਜ਼ਿਲ੍ਹੇ ਦੇ ਵਿਖੇ ਵੱਖ-2 ਸਕੂਲਾਂ ਵਿੱਚ ਜਾ ਕੇ ਜਾਗਰੂਕਤਾ ਕੈਂਪ ਲਗਾਇਆ ਜਾ ਰਿਹਾ ਹੈ। ਇਸੇ ਲੜੀ ਤਹਿਤ ਬਾਲ ਸੁਰੱਖਿਆ ਅਫ਼ਸਰ ਮੂਬੀਨ ਕੁਰੈਸੀ ਦੀ ਅਗਵਾਈ ਹੇਠ ਬੱਚਿਆਂ ਦੇ ਅਧਿਕਾਰਾਂ ਦੀ ਰੱਖਿਆ ਸਮੇਤ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਨ ਦੇ ਉਦੇਸ਼ ਨਾਲ ਪੋਕਸੋ ਐਕਟ ਅਤੇ ਬਾਲ ਵਿਆਹ ਮੁਕਤ ਅਭਿਆਨ ਤਹਿਤ ਵਿਦਿਆਰਥੀਆ ਨੂੰ ਕੋਮਲ ਫਿਲਮ ਦੇਖਣ ਲਈ ਪ੍ਰੇਰਿਤ ਕੀਤਾ ਗਿਆ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਲੋਕਾਂ ਨੂੰ ਬੱਚਿਆਂ ਨਾਲ ਹੋਣ ਵਾਲੇ ਯੌਨ ਅਪਰਾਧਾਂ, ਬਾਲ ਵਿਆਹ ਦੀਆਂ ਸਮੱਸਿਆਵਾਂ ਅਤੇ ਉਨ੍ਹਾਂ ਤੋਂ ਬਚਾਅ ਸਬੰਧੀ ਕਾਨੂੰਨੀ ਜਾਣਕਾਰੀ ਪ੍ਰਦਾਨ ਕਰਨਾ ਹੈ।

ਇਸ ਮੌਕੇ ਬੱਚਿਆਂ ਨੂੰ ਦੱਸਿਆ ਗਿਆ ਕਿ ਬਾਲ ਵਿਆਹ ਬੱਚਿਆਂ ਦੇ ਸਰੀਰਿਕ ਅਤੇ ਮਾਨਸਿਕ ਵਿਕਾਸ ਲਈ ਬਹੁਤ ਹਾਨੀਕਾਰਕ ਹੈ। ਇਸ ਤੋਂ ਇਲਾਵਾ ਟੀਮ ਵੱਲੋਂ ਪੋਕਸੋ ਐਕਟ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ, ਜਿਸ ਅਨੁਸਾਰ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨਾਲ ਕਿਸੇ ਵੀ ਤਰ੍ਹਾਂ ਦੇ ਯੌਨ ਸ਼ੋਸ਼ਣ ਨੂੰ ਕਾਨੂੰਨੀ ਅਪਰਾਧ ਮੰਨਿਆ ਜਾਂਦਾ ਹੈ ਅਤੇ ਦੋਸ਼ੀ ਉੱਪਰ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਂਦੀ ਹੈ। ਇਸ ਮੌਕੇ ਸਕੂਲੀ ਬੱਚਿਆਂ ਨੂੰ ਅਪੀਲ ਕੀਤੀ ਗਈ ਕਿ ਉਹ ਬਾਲ ਵਿਆਹ ਮੁਕਤ ਅਭਿਆਨ ਨੂੰ ਕਾਮਯਾਬ ਬਣਾਉਣ ਲਈ ਅੱਗੇ ਆਉਣ ਅਤੇ ਸਮਾਜ ਵਿਚ ਸਕਾਰਾਤਮਕ ਸੋਚ ਪੈਦਾ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣ। ਇਸ ਮੌਕੇ ਬਾਲ ਸੁਰੱਖਿਆ ਅਫ਼ਸਰ ਬਬੀਤਾ ਕੁਮਾਰੀ, ਲੀਗਲ ਅਫ਼ਸਰ ਗੁਰਜੰਟ ਸਿੰਘ, ਮੀਡੀਆ ਸਹਾਇਕ ਪਰਗਟ ਸਿੰਘ ਤੋਂ ਇਲਾਵਾ ਸਕੂਲ ਦਾ ਸਟਾਫ ਅਤੇ ਵੱਡੀ ਗਿਣਤੀ ਵਿੱਚ ਸਕੂਲੀ ਬੱਚੇ ਹਾਜਰ ਸਨ ।

ਪੈਨਸ਼ਨਰ ਐਸੋਸ਼ੀਏਸ਼ਨ ਭਗਤਾ ਭਾਈ ਵੱਲੋਂ 'ਪੈਨਸ਼ਨਰ ਡੇ' ਮਨਾਇਆ ਗਿਆ

ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਪੈਨਸ਼ਨਰ ਐਸੋਸ਼ੀਏਸ਼ਨ ਬਲਾਕ ਭਗਤਾ ਭਾਈ ਕਾ ਵੱਲੋਂ ਨਰੇਗਾ ਭਵਨ ਵਿਖੇ ਇੱਕ ਭਰਵੀਂ ਇਕੱਤਰਤਾ ਬੁਲਾ ਕੇ 'ਪੈਨਸ਼ਨਰ ਡੇ' ਮਨਾਇਆ ਗਿਆ ਜਿਸ ਵਿਚ 80 ਸਾਲਾਂ ਦੀ ਉਮਰ ਪਾਰ ਕਰ ਚੁੱਕੇ ਪੈਨਸ਼ਨਰਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਸਮੇਂ ਪੈਨਸ਼ਨਰ ਬੁਲਾਰਿਆਂ ਵੱਲੋਂ 'ਪੈਨਸ਼ਨਰ ਡੇ' ਦੀ ਮਹਾਨਤਾ ਸੰਬੰਧੀ ਸੁਪਰੀਮ ਕੋਰਟ ਵੱਲੋਂ ਪ੍ਰਾਪਤ ਅਧਿਕਾਰਾਂ ਦੀ ਰੌਸ਼ਨੀ ਵਿੱਚ ਇਸ ਦਿਨ (ਪੈਨਸ਼ਨਰ ਡੇ) ਨੂੰ ਮਨਾਉਣ ਦੀ ਮਹੱਤਤਾ ਸੰਬੰਧੀ ਜਿੱਥੇ ਵਿਸਥਾਰਿਤ ਜਾਣਕਾਰੀ ਦਿੱਤੀ ਗਈ ਉੱਥੇ ਇਸ ਅਧਿਕਾਰ ਦੀ ਪ੍ਰਾਪਤੀ ਲਈ ਕੀਤੀ ਗਈ ਜਦੋ-ਜਹਿਦ /ਸੰਘਰਸ਼ ਬਾਰੇ ਵੀ ਚਾਨਣਾ ਪਾਇਆ ਗਿਆ। ਬੁਲਾਰਿਆਂ ਵਿੱਚ ਮਾਸਟਰ ਸੁਲੱਖਣ ਸਿੰਘ ਭਗਤਾ, ਮਾਸਟਰ ਨਰਿੰਦਰ ਕੁਮਾਰ ਭਗਤਾ, ਡਾਕਟਰ ਗੁਰਜੀਤ ਸਿੰਘ ਭਗਤਾ ਭਾਈ ਅਤੇ ਮਾਸਟਰ ਆਤਮ ਤੇਜ ਸ਼ਰਮਾ ਕੋਠਾ ਗੁਰੂ ਦੇ ਨਾਓਂ ਵਰਨਣਯੋਗ ਹਨ। ਸਾਰੇ ਬੁਲਾਰਿਆਂ ਨੇ ਜਿੱਥੇ 80 ਸਾਲਾ ਸਨਮਾਨਿਤ ਕੀਤੇ ਜਾ ਰਹੇ ਪੈਨਸ਼ਨਰਾਂ ਨੂੰ ਮੁਬਾਰਕਬਾਦ ਦਿੱਤੀ ਉੱਥੇ ਇਹ ਉਮੀਦ ਵੀ ਪ੍ਰਗਟ ਕੀਤੀ ਕਿ ਤੁਸੀਂ ਇਤਨੀ ਵੱਡੀ ਉਮਰ ਦੇ ਬਾਵਜੂਦ ਵੀ ਪੈਨਸ਼ਨਰ ਐਸੋਸ਼ੀਏਸ਼ਨ ਨੂੰ ਸਮਰਪਿਤ ਹੋ, ਸੰਘਰਸ਼ ਰਤ ਹੋ । ਇਸ ਕਰਕੇ ਅਸੀਂ ਚਾਹੁੰਦੇ ਹਾਂ ਕਿ ਭਵਿੱਖ ਵਿੱਚ ਵੀ ਤੁਸੀਂ ਏਸੇ ਤਰ੍ਹਾਂ ਐਸੋਸੀਏਸ਼ਨ ਦੇ ਸੰਘਰਸ਼ ਵਾਸਤੇ ਆਪਣੀ ਲੰਬੀ ਜ਼ਿੰਦਗੀ ਦੇ ਤੁਜ਼ਰਬੇ ਦੁਆਰਾ

ਅਹੁਦੇਦਾਰਾਂ ਲਈ ਅਗਵਾਈ ਪ੍ਰਦਾਨ ਕਰਦੇ ਰਹੋਗੇ। ਮਾਸਟਰ ਆਤਮ ਤੇਜ ਸ਼ਰਮਾ ਨੇ ਆਪਣੇ ਸੰਬੋਧਨ ਵਿਚ 16% ਡੀ.ਏ.ਦੇ ਬਕਾਏ ਦਾ ਜ਼ਿਕਰ ਕਰਦਿਆਂ ਸਰਕਾਰ ਕੋਲੋਂ ਇਹ ਮੰਗ ਕੀਤੀ ਕਿ ਪੈਨਸ਼ਨਰਾਂ ਦਾ ਜੋ ਇਹ ਬਕਾਇਆ ਪੈਂਡਿੰਗ ਪਿਆ ਹੈ, ਜਲਦੀ ਰਿਲੀਜ਼ ਕੀਤਾ ਜਾਵੇ ਅਤੇ ਨਾਲ ਹੀ 2.59 ਦੇ ਫੈਕਟਰ ਨੂੰ ਵੀ ਬਿਨਾ ਕਿਸੇ ਦੇਰੀ ਲਾਗੂ ਕੀਤਾ ਜਾਵੇ। ਗੁਰਜੀਤ ਸਿੰਘ ਭਗਤਾ ਭਾਈ ਨੇ ਪੈਨਸ਼ਨਰਾਂ ਨੂੰ ਜਾਗਰੂਕ ਕਰਦਿਆਂ ਪ੍ਰੇਰਿਤ ਕੀਤਾ ਕਿ ਸਾਰੇ ਪੈਨਸ਼ਨਰ 'ਏ ਟੀ ਐਮ' ਕੇ.ਵਾਈ.ਸੀ'.ਪੋਰਟਲ ਬਣਵਾਉਣਾ ਯਕੀਨੀ ਬਣਾਉਣ ਅਤੇ ਜਨਵਰੀ ਮਹੀਨੇ ਵਿੱਚ ਮਿਲਣ ਵਾਲੇ ਐਲ.ਟੀ.ਸੀ. ਸੰਬੰਧੀ ਪੱਤਰ ਲਿਖ ਕੇ ਸੰਬੰਧਿਤ ਬੈਂਕ ਮੈਨੇਜਰਾਂ ਨੂੰ ਸੂਚਿਤ ਕਰਨ। ਉਪਰੰਤ ਐਸੋਸੀਏਸ਼ਨ ਦੇ ਆਹੁਦੇਦਾਰਾਂ ਵੱਲੋਂ 80 ਸਾਲਾਂ ਦੀ ਉਮਰ ਨੂੰ ਪਾਰ ਕਰ ਚੁੱਕੇ ਪੈਨਸ਼ਨਰਾਂ ਦਾ ਸਨਮਾਨ ਕੀਤਾ ਗਿਆ। ਹਾਰ ਪਹਿਣਾ ਕੇ, ਪੈਨਸ਼ਨਰਾਂ ਦੇ ਸੁੰਦਰ ਫੋਟੋ ਜੜਿਤ ਸਿਮ੍ਰਤੀ ਚਿੰਨ੍ਹ (ਮੋਮੈਂਟੋ) ਦੇ ਕੇ, ਲੋਈਆਂ/ਸ਼ਾਲ ਪਹਿਣਾ ਕੇ ਸਤਿਕਾਰ ਕੀਤਾ ਗਿਆ। ਉਨ੍ਹਾਂ ਦੀ ਚੰਗੀ ਸਿਹਤ ਲਈ ਕਾਮਣਾ ਕੀਤੀ ਗਈ ਅਤੇ ਅਨੇਕ ਤਰ੍ਹਾਂ ਦੇ ਮਿਸ਼ਟਾਨਾਂ ਦੁਆਰਾ ਚਾਹ-ਪਾਣੀ ਛਕਾ ਕੇ ਬਹੁਤ - ਬਹੁਤ ਧੰਨਵਾਦ ਕੀਤਾ ਗਿਆ। ਇਹਨਾਂ ਸਨਮਾਨਿਤ ਪੈਨਸ਼ਨਰਾਂ/ਸ਼ਖ਼ਸ਼ੀਅਤਾਂ ਵਿੱਚ ਮਾਸਟਰ ਸੁਰਜੀਤ ਸਿੰਘ ਬਰਾੜ (ਜਲਾਲ), ਅਧਿਆਪਕਾ ਮੁਖਤਿਆਰ ਕੌਰ ਧਰਮ ਪਤਨੀ ਮਾਸਟਰ ਰਣਜੋਧ ਸਿੰਘ (ਭਗਤਾ ਭਾਈ) ਅਤੇ ਅਧਿਆਪਕਾ ਸੁਰਿੰਦਰ ਕੁਮਾਰੀ ਧਰਮ ਪਤਨੀ ਸਵ: ਬਲਵਿੰਦਰ ਕੋਹਲੀ (ਜਲਾਲ) ਦੇ ਨਾਓਂ ਵਰਨਣ ਯੋਗ ਹਨ। ਸਨਮਾਨਿਤ ਹੋਣ ਉਪਰੰਤ ਮਾਸਟਰ ਸੁਰਜੀਤ ਸਿੰਘ ਬਰਾੜ ਨੇ ਐਸੋਸੀਏਸ਼ਨ ਨੂੰ ਸੰਬੋਧਨ ਕਰਦਿਆਂ ਸਰਵਿਸ ਦੌਰਾਨ ਆਪਣੇ ਜ਼ਿੰਦਗੀ ਦੇ ਤੁਜ਼ਰਬੇ, ਸੰਘਰਸ਼ ਸੰਬੰਧੀ ਜਾਣਕਾਰੀ ਦਿੰਦਿਆਂ ਉਚੇਚੇ ਤੌਰ ਤੇ ਬਠਿੰਡਾ ਸ਼ਹਿਰ ਦੇ 'ਟੀਚਰਜ਼ ਹਾਊਸ' ਅਸਥਾਨ ਦੀ ਪ੍ਰਾਪਤੀ ਅਤੇ ਇਮਾਰਤ ਉਸਾਰਨ ਲਈ ਕੀਤੇ ਗਏ ਸੰਘਰਸ਼ ਦੀ ਯਾਦ ਤਾਜ਼ਾ ਕਰਵਾਈ। ਉਨ੍ਹਾਂ ਦੱਸਿਆ ਕਿ ਉਸ ਵੇਲੇ ਦਾ ਕੀਤਾ ਗਿਆ ਇਹ ਸੰਘਰਸ਼ ਅੱਜ ਅਸਾਡੇ ਸਾਰਿਆਂ ਲਈ ਲਾਭਦਾਇਕ ਸਿੱਧ ਹੋ ਰਿਹਾ ਹੈ। ਇਹ ਟੀਚਰਜ਼ ਹਾਊਸ ਅਸਾਡੇ ਕੰਮ ਆ ਰਿਹਾ ਹੈ ਜਿੱਥੇ ਸਭ ਜੱਥੇਬੰਦੀਆਂ ਆਪਣੇ -ਆਪਣੇ ਸਮਾਗਮਾਂ ਦੁਆਰਾ, ਬੈਠਕਾਂ ਦੁਆਰਾ, ਸਾਹਿਤਕ ਤੇ ਜੁਝਾਰੂ ਗਤੀਵਿਧੀਆਂ ਦੁਆਰਾ ਨਵੇਂ -ਨਵੇਂ ਪ੍ਰੋਗਰਾਮ ਉਲੀਕ ਰਹੀਆਂ ਹਨ ਅਤੇ ਹਰ ਖੁਸ਼ੀ, ਗਮੀ ਦੇ ਸਮੇਂ ਇਸ ਇਤਿਹਾਸਕ ਅਸਥਾਨ ਨਾਲ ਜੁੜੀਆਂ ਹੋਈਆਂ ਹਨ। ਇਸ ਸਮੇਂ ਇਹਨਾਂ ਸਨਮਾਨਿਤ ਪੈਨਸ਼ਨਰਾਂ ਵੱਲੋਂ ਵੀ ਪੈਨਸ਼ਨਰ ਐਸੋਸੀਏਸ਼ਨ ਨੂੰ ਮਾਣ ਬਖਸ਼ਿਸ਼ ਕੀਤਾ ਗਿਆ। ਸੁਰਜੀਤ ਸਿੰਘ ਬਰਾੜ ਵੱਲੋਂ 2000/- ਰੁਪਏ, ਸੁਰਿੰਦਰ ਕੁਮਾਰੀ ਵੱਲੋਂ 2000/-ਰੁਪਏ ਅਤੇ ਬੀਬੀ ਮੁਖਤਿਆਰ ਕੌਰ ਵੱਲੋਂ 1100/- ਰੁਪਏ ਐਸੋਸੀਏਸ਼ਨ ਨੂੰ ਮਾਣ ਭੇਟਾ ਭੇਟ ਕੀਤੀ ਗਈ। ਇਸ ਸਮੇਂ ਹੋਰਨਾਂ ਤੋਂ ਇਲਾਵਾ -- ਭਾਈ ਕੌਰ ਸਿੰਘ ਕੋਠਾ ਗੁਰੂ ਪ੍ਰੈਸ ਸਕੱਤਰ, ਮਾਸਟਰ ਅਮਰਜੀਤ ਸਿੰਘ ਵਿੱਤ ਸਕੱਤਰ, ਮਾਸਟਰ ਗੁਰਦੀਪ ਸਿੰਘ, ਮਾਸਟਰ ਨਛੱਤਰ ਸਿੰਘ, ਮਾਸਟਰ ਸੁਰਜੀਤ ਸਿੰਘ, ਮਾਸਟਰ ਰਣਜੋਧ ਸਿੰਘ, ਰੇਸ਼ਮ ਸਿੰਘ (ਸਾਰੇ ਭਗਤਾ ਭਾਈ), ਮਾਸਟਰ ਜੋਰਾ ਸਿੰਘ ਮੌਜੀ ਬੁਰਜ਼ ਥਰੋੜ, ਮਾਸਟਰ ਲਾਭ ਸਿੰਘ ਡੋਡ, ਮਾਸਟਰ ਦਰਬਾਰਾ ਸਿੰਘ, ਮਾਸਟਰ ਸੁਰਜੀਤ ਸਿੰਘ, ਮਾਸਟਰ ਜਸਵੰਤ ਸਿੰਘ (ਤਿੰਨੋਂ ਮਲੂਕਾ) ਅਤੇ ਮਾਸਟਰ ਸਵਰਨ ਸਿੰਘ ਕੇਸਰ ਸਿੰਘ ਵਾਲਾ ਆਦਿਕ ਅਨੇਕ ਪੈਨਸ਼ਨਰ ਐਸੋਸੀਏਸ਼ਨ ਮੈਂਬਰ ਹਾਜ਼ਿਰ ਸਨ।

ਹੁਣ ਤੱਕ ਆਏ ਨਤੀਜੇ

ਕਈਆਂ ਨਾਲ਼ ਵਧੀਕੀ ਕੀਤੀ ਸੀ ,
ਉਹ ਫ਼ਿਰ ਵੀ ਬਾਜ਼ੀ ਮਾਰ ਗਏ ।
ਕੁੱਝ ਨਾਲ਼ ਖੜ੍ਹੀ ਸੀ ਹਾਕਮ ਧਿਰ ,
ਰਹਿ ਫ਼ਿਰ ਵੀ ਅੱਧ ਵਿਚਕਾਰ ਗਏ।
ਕਈ ਵਾਰ ਵਾਰ ਕਹਿੰਦੇ ਸੀ ਸਾਡਾ ,
ਕੰਮ ਬੋਲੂ ਗਾ ਸਿਰ ਚੜ੍ਹ ਕੇ ;
ਉਹ ਐੱਮ ਐੱਲ ਏ ਤੇ ਐੱਮ ਪੀ ਦੇ ,
ਪਿੰਡਾਂ ਵਿੱਚੋਂ ਵੀ ਹਾਰ ਗਏ ।

ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।
9914836037

ਗੀਤ

ਉਹ ਤਿੱਤਰ ਉਡਾਰੀ ਮਾਰਦੇ,

ਤੇਰੇ ਬਾਜ਼ ਨਾਲ ਹੋਣਾ ਛੁਟਕਾਰਾ,

ਬੇਨਤੀ ਆ ਬਾਜ਼ਾ ਵਾਲਿਆਂ,

ਬਾਬਾ ਤੀਰ ਵਾਲਾ ਭੇਜ ਦੇ ਦੁਬਾਰਾ,

ਬੇਨਤੀ ਆ ਬਾਜ਼ਾ ਵਾਲਿਆਂ,

ਕਰਬਾਈਨ ਲਾਇਸੰਸ ਤੇ ਚਾੜ ਰੱਖਦੇ ਆ ਸਿੰਘ ਸਾਰੇ,

ਜੇ ਜੇਲੋਂ ਨਾ ਹਵਾਰਾ ਛੱਡੀਆਂ,ਇਥੇ ਕਈ ਪੈਦਾ ਹੁਉ ਫ਼ੇਰ ਹਵਾਰੇ,

ਬਿਨਾਂ ਹੀ ਟਰੇਨਿੰਗ ਤੋਂ ਸ਼ੋਟ ਫੋਰਹੈਡ ਵਿੱਚ ਮੈਂ ਮਾਰਾ,

ਬੇਨਤੀ ਆ ਬਾਜ਼ਾ ਵਾਲਿਆਂ,

ਬਾਬਾ ਤੀਰ ਵਾਲਾ ਭੇਜ ਦੇ ਦੁਬਾਰਾ,

ਯਾਮੇਂ ਤੇ ਬੁਲਟ ਯੇਸਦੀ ਉਹ ਉਡੀਕ ਦੇ ਬਰਾਂਡੇ ਖੜ ਕੇ,

ਜੇ ਹੱਕ ਸਾਨੂੰ ਤੁਸੀਂ ਨਾ ਦਿੱਤੇ ,

ਸਿੰਘਾ ਲੈ ਲੈਣੇ ਨੇ ਅੜ ਕੇ,

ਸੁਰੇ ਇਹ ਨਹੀਂ ਦਬੱਦੇ,

ਜ਼ੋਰ ਲਾ ਲਿਆ ਜ਼ਾਲਮ ਸਰਕਾਰਾਂ,

ਬੇਨਤੀ ਆ ਬਾਜ਼ਾ ਵਾਲਿਆਂ,

ਪੰਜਾਬ ਵਿੱਚ ਅੱਤ ਚੱਕ ਲਈ ਇਥੇ ਸਾਲੇ ਭਈਆ ਨੇ ਬੱੜ ਕੇ,

ਜੇ ਹੱਥੀ ਹੱਥੀਆਰ ਆ ਗਏ ਦੇਖੀ ਭਜਦੇ ਟਰੇਨੀਂ ਚੱੜ ਕੇ ,

"ਪਿੰਦੂ"ਵੀ ਪਿੱਛੇ ਹੈ ਪਿਆ,ਸਾਨੂੰ ਭੰਡ ਭੰਡ 'ਸਿਮਰ' ਆਖੀ ਜਾਂਦੇ ਮਾੜਾ,

ਬਾਬਾ ਤੀਰ ਵਾਲਾ ਭੇਜ ਦੇ ਦੁਬਾਰਾ,

ਬੇਨਤੀ ਆ ਬ਼ਾਜਾ ਵਾਲਿਆਂ,

ਪਿੰਦੂ ਰਾਹੋਂ (ਨਵਾਂ ਸ਼ਹਿਰ)
+917710556211

ਸਕੂਨ

ਕਿਸੇ ਨੂੰ ਮਿਲਦਾ ਨਹੀਂ ਵਿੱਚ ਮਹਿਲ ਮੁਨਾਰਿਆਂ ਦੇ।
ਕਿਸੇ ਨੂੰ ਕੁੱਲੀਆਂ ਵਿੱਚ ਵੀ ਮਿਲ ਜਾਂਦਾ ਏ।

ਕੋਈ ਭਾਲਦਾ ਇਹਨੂੰ ਵਿੱਚ ਮੋਹ ਅਤੇ ਮਾਇਆ ਦੇ।
ਕਿਸੇ ਨੂੰ ਖਾਲੀਆਂ ਜੇਬਾਂ ਵਿੱਚ ਹੀ ਮਿਲ ਜਾਂਦਾ ਏ॥

ਕੋਈ ਦੇਖਦਾ ਇਹਨੂੰ ਵਿੱਚ ਪਹਾੜਾਂ ਅਤੇ ਝੀਲਾਂ ਤੇ।
ਕਿਸੇ ਨੂੰ ਪਿੰਡ ਦੇ ਟੋਭੇ ਤੋਂ ਹੀ ਦਿਖ ਜਾਂਦਾ ਹੈ।

ਕੋਈ ਕਰਦਾ ਨਸ਼ੇ ਬਥੇਰੇ ਇਸਨੂੰ ਪਾਵਣ ਲਈ ।
ਕਿਸੇ ਨੂੰ ਯਾਰ ਦੀ ਅੱਖ ਵਿੱਚ ਹੀ ਮਿਲ ਜਾਂਦਾ ਏ।

ਕੋਈ ਲੱਭਦਾ ਇਹਨੂੰ ਵਿੱਚ ਮੰਦਿਰ ਗੁਰਦੁਆਰਿਆਂ ਦੇ।
ਕਿਸੇ ਨੂੰ ਗਰੀਬ ਦੀ ਮਦਦ ਕਰਕੇ ਵੀ ਮਿਲ ਜਾਂਦਾ ਏ।

ਗੁੱਝਾ ਭੇਤ ਹੈ 'ਦੀਪ' ਸਕੂਨ ਵਾਲੇ ਇਸ ਤਾਲੇ ਦਾ।
ਸਬਰ ਦੀ ਚਾਬੀ ਨਾਲ ਕਿਤੇ ਵੀ ਖੁੱਲ੍ਹ ਜਾਂਦਾ ਏ।

-ਕੁਲਦੀਪ ਸਿੰਘ ਬਾਦਸ਼ਾਹਪੁਰੀ
ਮੋਬਾਈਲ 9501948910

ਰੰਗਲਾ ਚਰਖ਼ਾ

ਕਿੱਥੇ ਗਿਆ ਨੀ ਧੀਏ ਤੇਰਾ ਰੰਗਲਾ ਚਰਖ਼ਾ,
ਮੈਨੂੰ ਕਿੱਧਰੇ ਨਾ ਦਿੱਸਦਾ ਨੀ ਧੀਏ ਤੇਰਾ ਰੰਗਲਾ ਚਰਖ਼ਾ,
ਮੈਨੂੰ ਘੂੰ -ਘੂੰ ਸੁਣਦੀ ਨਾ ਨੀ ਧੀਏ ਤੇਰੇ ਚਰਖ਼ੇ ਦੀ,
ਕਿੱਥੇ ਪਏ ਨੇ ਗਲੋਟੇ ਨੀ ਕਿੱਥੇ ਧੀਏ ਰੂੰ ਸਾਂਭਤੀ,
ਕਿੱਥੇ ਗਈਆਂ ਸਾਥਣਾਂ ਨੀ ਧੀਏ ਤੇਰੀ "ਤ੍ਰਿੰਞਣ" ਦੀਆਂ,
ਕਿੱਥੇ ਕੱਤਣੀ ਫਰਾਟੇ ਤੇਰੀ ਮਾਰੇ, ਕਿੱਥੇ ਸੱਪ ਪੂਣੀਆਂ ਦੇ ,
ਖ਼ਾਲੀ ਗੂੰਜਣ ਸਬਾਤਾ ਨੀ ਨਾ ਮਹਿਕ ਆਉਂਦੀ ਪਿਆਰਾ ਦੀ।
ਮੈਨੂੰ ਕੱਤਣਾ ਨਾ ਆਇਆ ਨੀ ਮਾਏ ਤੇਰਾ ਰੰਗਲਾ ਚਰਖ਼ਾ,
ਮੈਥੋਂ ਪਈਆਂ ਮਾਲਾ ਨਾ ਨੀ ਮਾਏ ਤੇਰੇ ਚਰਖ਼ੇ ਤੇ ,
"ਮਾਂ "ਮੈਨੂੰ ਪਾਉਣੇ ਆਏ ਨਾ ਲੰਬੇ ਤੰਦ ਤੱਕਲੇ ਤੇ,
ਪਿੰਡੋਂ ਲੱਭੀਆਂ ਸਾਥਣਾਂ ਨਾ ਮਾਏ ਨੀ ਤ੍ਰਿੰਞਣ ਲਈ,
ਚੰਗੀ ਘੂੰ- ਘੂੰ ਲੱਗਦੀ ਨਾ ਨੀ ਮਾਏ ਤੇਰੇ ਚਰਖ਼ੇ ਦੀ,
ਘਰ ਸਾਂਭਿਆ ਗਿਆ ਨਾ ਨੀ ਮਾਏ ਤੇਰਾ ਰੰਗਲਾ ਚਰਖ਼ਾ,
ਚੱਕ "ਵਿਰਾਸਤ"ਚ ਧਰਿਆ ਨੀ ਮਾਏ ਤੇਰਾ ਰੰਗਲਾ ਚਰਖ਼ਾ।

ਮਨਪ੍ਰੀਤ ਕੌਰ
ਪਿੰਡ: ਬਖਸ਼ੀਵਾਲਾ, ਜਿਲ੍ਹਾ: ਸੰਗਰੂਰ

ਕੰਮ ਦੀਆਂ ਗੱਲਾਂ (ਕੇਸਰੀ ਕਬਿੱਤ ਛੰਦ)

ਐਵੇਂ ਕਰ ਨਾ ਗ਼ਰੂਰ, ਇੱਕ ਦਿਨ ਹੋਣਾ ਚੂਰ
ਸਦਾ ਰਹੀ ਦਾ ਹਜ਼ੂਰ, ਰੱਬ ਕੋਲੋਂ ਡਰ ਕੇ ...
"ਮੈਂ" ਨੂੰ ਮਨ ਵਿੱਚੋਂ ਮਾਰ, ਭਲੀ ਕਰੂ ਕਰਤਾਰ
ਹਰ ਇੱਕ ਨਾ ਪਿਆਰ, ਜਰਾ ਵੇਖ ਕਰ ਕੇ...
ਵੇਖ ਦੁਨੀਆਂ ਦਾ ਮੇਲਾ, ਛੱਡ ਝਗੜਾ ਝਮੇਲਾ
ਹੱਥ ਆਵਣਾ ਨੀ ਵੇਲਾ, ਤੁਰ ਜਾਣਾ ਮਰ ਕੇ...
ਪੜ੍ਹ ਗੁਰੂਆਂ ਦੀ ਬਾਣੀ, ਜਿੰਦ ਹੋਜੂਗੀ ਸੁਹਾਣੀ
ਪਾਰ ਭੰਵਰਾਂ ਤੋਂ ਜਾਣੀ, ਸਾਗਰਾਂ ਨੂੰ ਤਰ ਕੇ...
ਜੋ ਬਣਿਆਂ ਹੈ ਢਹਿਣਾ, ਏਥੇ ਬੈਠ ਨਾ ਰਹਿਣਾ
ਇੱਕ ਦਿਨ ਜਾਣਾ ਪੈਣਾ, ਖੁਸ਼ੀ ਵੰਡ ਭਰ ਕੇ...
ਹੈ ਗੁਰੂਆਂ ਦਾ ਕਹਿਣਾ, ਗਲ਼ੀ ਇਸ਼ਕੇ ਜੇ ਪੈਣਾ
ਸੀਸ ਲੈ ਕੇ ਜਾਣਾ ਪੈਣਾ, ਤਲ਼ੀ ਉੱਤੇ ਧਰ ਕੇ...
ਇਹੇ ਦੁਨੀਆਂ ਦੋਮੂੰਹੀ, ਤੇਰੇ ਅੱਗੇ ਕਹੇ ਤੂੰ ਹੀ
ਪਿੱਛੋਂ ਡੰਗੇ ਬਣ ਠੂੰਹੀਂ, ਨਿੰਦਿਆ ਨੂੰ ਕਰ ਕੇ...
ਨਾ ਤੂੰ ਜ਼ੁਲਮ ਸਹਾਰ, ਉੱਠ ਚੁੱਕ ਹਥਿਆਰ
ਕਰ ਜਾਲਮਾਂ ਤੇ ਵਾਰ, ਛੱਡ ਜੀਣਾ ਡਰ ਕੇ...
ਕਰ ਸੱਚ ਦਾ ਵਪਾਰ, ਝੂਠ ਮਨ 'ਚੋਂ ਵਿਸਾਰ
ਜਿੱਤ ਜਾਵੇਂਗਾ ਸੰਸਾਰ, ਖੁਦ ਵੇਖ ਹਰ ਕੇ...
ਝੂਠਾ ਦਿੰਦਾ ਏਂ ਦਿਲਾਸਾ, ਇਹਦਾ ਕੀ ਭਰਵਾਸਾ
ਜਿੰਦ ਪਾਣੀ 'ਚ ਪਤਾਸਾ, ਮੁੱਕ ਜਾਣਾ ਖ਼ਰ ਕੇ
ਕੁੱਲੀਂ ਬੈਠਾਂ ਪਹਿਚਾਣ, ਬਣ ਪੈਸਿਆਂ ਦੀ ਖਾਣ
ਥੋੜ੍ਹਾ ਜ਼ਿੰਦਗੀ ਨੂੰ ਮਾਣ, ਦੁੱਖ ਸੁੱਖ ਜਰ ਕੇ
"ਖੁਸ਼ੀ" ਲਿਖ ਗੱਲ ਸੱਚੀ, ਮੱਚਦੇ ਨੂੰ ਜਾਣ ਮੱਚੀ
ਗੱਲ ਲਿਖ ਕੇ ਨਾ ਕੱਚੀ, ਕਾਲੇ ਕਰ ਵਰਕੇ...

ਖੁਸ਼ੀ ਮੁਹੰਮਦ "ਚੱਠਾ"
9779025356



2027 ਤੋਂ ਬ੍ਰਿਟੇਨ ਮੁੜ ਯੂਰਪੀ ਵਿਦਿਆਰਥੀ ਅਦਲਾ-ਬਦਲੀ ਸਕੀਮ ਵਿੱਚ ਹੋਵੇਗਾ ਸ਼ਾਮਲ

ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)-ਬ੍ਰਿਟੇਨ ਸਰਕਾਰ ਨੇ ਐਲਾਨ ਕੀਤਾ ਹੈ ਕਿ ਸਾਲ 2027 ਤੋਂ ਬ੍ਰਿਟੇਨ ਦੁਬਾਰਾ ਯੂਰਪੀ ਸੰਘ (EU) ਦੀ ਵਿਦਿਆਰਥੀ ਅਦਲਾ-ਬਦਲੀ ਸਕੀਮ ਵਿੱਚ ਸ਼ਾਮਲ ਹੋ ਜਾਵੇਗਾ। ਇਹ ਫੈਸਲਾ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੀ ਨਵੀਂ ਨੀਤੀ ਦਾ ਹਿੱਸਾ ਹੈ, ਜਿਸਦਾ ਮਕਸਦ ਭਰਣਇਟ ਤੋਂ ਬਾਅਦ ਯੂਰਪ ਨਾਲ ਟੁੱਟੇ ਰਿਸ਼ਤਿਆਂ ਨੂੰ ਮੁੜ ਠੀਕ ਕਰਨਾ ਹੈ। ਭਰਣਇਟ ਤੋਂ ਪਹਿਲਾਂ ਬ੍ਰਿਟੇਨ ਓਰਓਸਮੁਸ+ ਸਕੀਮ ਦਾ ਹਿੱਸਾ ਸੀ। ਇਸ ਸਕੀਮ ਤਹਿਤ ਬ੍ਰਿਟੇਨ ਅਤੇ ਯੂਰਪ ਦੇ ਹਜ਼ਾਰਾਂ ਵਿਦਿਆਰਥੀ ਇਕ-ਦੂਜੇ ਦੇ ਦੇਸ਼ਾਂ ਵਿੱਚ ਜਾ ਕੇ ਪੜ੍ਹਾਈ, ਟ੍ਰੇਨਿੰਗ ਅਤੇ ਤਜਰਬਾ ਹਾਸਲ ਕਰਦੇ ਸਨ। ਪਰ ਭਰਣਇਟ ਤੋਂ ਬਾਅਦ ਬ੍ਰਿਟੇਨ ਇਸ ਸਕੀਮ ਤੋਂ ਬਾਹਰ ਹੋ ਗਿਆ ਸੀ, ਜਿਸ ਕਾਰਨ ਵਿਦਿਆਰਥੀਆਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਉ ਨਾਲ ਸੰਬੰਧਾਂ ਦੇ ਮੰਤਰੀ ਨਿਕ ਥਾਮਸ-ਸਿਮੰਡਸ ਨੇ ਕਿਹਾ ਕਿ ਇਹ ਫੈਸਲਾ "ਨੌਜਵਾਨਾਂ ਲਈ ਵੱਡੀ ਖੁਸ਼ਖਬਰੀ" ਹੈ। ਉਨ੍ਹਾਂ ਦੱਸਿਆ ਕਿ ਇਸ ਨਾਲ ਬ੍ਰਿਟੇਨ ਦੇ ਵਿਦਿਆਰਥੀ ਮੁੜ ਯੂਰਪ ਦੇ ਦੇਸ਼ਾਂ—ਜਿਵੇਂ ਫਰਾਂਸ, ਜਰਮਨੀ, ਸਪੇਨ ਅਤੇ ਇਟਲੀ—ਵਿੱਚ ਪੜ੍ਹਨ ਲਈ ਜਾ ਸਕਣਗੇ। ਇਸੇ ਤਰ੍ਹਾਂ ਯੂਰਪ ਦੇ ਵਿਦਿਆਰਥੀ ਵੀ ਬ੍ਰਿਟੇਨ ਆ ਕੇ ਪੜ੍ਹਾਈ ਕਰ ਸਕਣਗੇ। ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਆਪਣੇ ਬਿਆਨ

ਵਿੱਚ ਕਿਹਾ ਕਿ ਪਿਛਲੇ ਸਮੇਂ ਵਿੱਚ ਭਰਣਇਟ ਨੂੰ ਜਿਸ ਤਰੀਕੇ ਨਾਲ ਲਾਗੂ ਕੀਤਾ ਗਿਆ, ਉਹ ਸਹੀ ਨਹੀਂ ਸੀ। ਉਨ੍ਹਾਂ ਮੰਨਿਆ ਕਿ ਇਸ ਨਾਲ ਸਿੱਖਿਆ, ਵਪਾਰ ਅਤੇ ਨੌਜਵਾਨਾਂ ਦੇ ਭਵਿੱਖ ਨੂੰ ਨੁਕਸਾਨ ਪਹੁੰਚਿਆ। ਨਵੀਂ ਸਰਕਾਰ ਚਾਹੁੰਦੀ ਹੈ ਕਿ ਯੂਰਪ ਨਾਲ ਸਾਂਝ ਵਧਾਈ ਜਾਵੇ ਤਾਂ ਜੋ ਦੇਸ਼ ਅੱਗੇ ਵਧ ਸਕੇ। ਸਿੱਖਿਆ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਸਕੀਮ ਨਾਲ ਵਿਦਿਆਰਥੀਆਂ ਨੂੰ ਵਿਦੇਸ਼ੀ ਤਜਰਬਾ, ਨਵੀਆਂ ਭਾਸ਼ਾਵਾਂ ਸਿੱਖਣ ਦਾ ਮੌਕਾ, ਅਤੇ ਕਰੀਅਰ ਵਿੱਚ ਸੁਧਾਰ ਮਿਲੇਗਾ। ਕਈ ਮਾਮਲਿਆਂ ਵਿੱਚ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਅਤੇ ਵਿੱਤੀ ਮਦਦ ਵੀ ਮਿਲ ਸਕਦੀ ਹੈ, ਜਿਸ ਨਾਲ ਪੜ੍ਹਾਈ ਦਾ ਖਰਚ ਘੱਟ ਹੋਵੇਗਾ।

ਹਾਲਾਂਕਿ ਸਰਕਾਰ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਸਕੀਮ ਦੇ ਸਾਰੇ ਨਿਯਮ, ਫੀਸਾਂ, ਵੀਜ਼ਾ ਪ੍ਰਕਿਰਿਆ ਅਤੇ ਫੰਡਿੰਗ ਬਾਰੇ ਪੂਰੀ ਜਾਣਕਾਰੀ ਹਾਲੇ ਤੈਅ ਨਹੀਂ ਹੋਈ। ਇਹ ਸਾਰੀਆਂ ਗੱਲਾਂ 2027 ਦੇ ਨੇੜੇ ਆਉਂਦਿਆਂ ਸਪਸ਼ਟ ਕੀਤੀਆਂ ਜਾਣਗੀਆਂ।

ਫਿਲਹਾਲ, ਇਹ ਐਲਾਨ ਵਿਦਿਆਰਥੀਆਂ, ਮਾਪਿਆਂ ਅਤੇ ਯੂਨੀਵਰਸਿਟੀਆਂ ਲਈ ਉਮੀਦ ਦੀ ਕਿਰਨ ਬਣ ਕੇ ਆਇਆ ਹੈ। ਮੰਨਿਆ ਜਾ ਰਿਹਾ ਹੈ ਕਿ ਇਸ ਫੈਸਲੇ ਨਾਲ ਬ੍ਰਿਟੇਨ ਅਤੇ ਯੂਰਪ ਦਰਮਿਆਨ ਸਿੱਖਿਆ ਦੇ ਰਿਸ਼ਤੇ ਮੁੜ ਮਜ਼ਬੂਤ ਹੋਣਗੇ ਅਤੇ ਨੌਜਵਾਨਾਂ ਲਈ ਨਵੇਂ ਮੌਕੇ ਪੈਦਾ ਹੋਣਗੇ।

ਇਲੈਕਸ਼ਨ ਤੋਂ ਬਾਅਦ : ਆਮ ਆਦਮੀ ਪਾਰਟੀ ਦੀ ਹਾਲਤ ਨਕੋਦਰ ਰੋਡ ਜਗਰਾਓਂ ਵਰਗੀ ਹੋਈ - ਨਰਿੰਦਰ ਸਿੰਘ ਬਾਜਵਾ

ਮਹਿਤਪੁਰ (ਹਰਜਿੰਦਰ ਸਿੰਘ ਚੰਦੀ)- ਬੀਕੇਯੂ ਪੰਜਾਬ ਦੇ ਕੌਰ ਕਮੇਟੀ ਮੈਂਬਰ ਨਰਿੰਦਰ ਸਿੰਘ ਬਾਜਵਾ ਵੱਲੋਂ ਆਮ ਆਦਮੀ ਪਾਰਟੀ ਦੀ ਤੁਲਨਾ ਜ਼ਿਲ੍ਹਾ ਪਰਿਸ਼ਦ ਅਤੇ ਬਲਾਕ ਸੰਮਤੀ ਚੋਣਾਂ ਨੂੰ ਲੈ ਕੇ ਨਕੋਦਰ ਰੋਡ ਜਗਰਾਉਂ ਨਾਲ ਕਰਦਿਆਂ ਕਿਹਾ ਕਿ ਨਕੋਦਰ ਤੋਂ ਜਗਰਾਓਂ ਰੋਡ ਦੀ ਹਾਲਤ ਬੇਹੱਦ ਖ਼ਸਤਾ ਹੈ। ਬਾਜਵਾ ਨੇ ਕਿਹਾ ਕਿ ਕੁਝ ਸਮਾਂ ਪਹਿਲਾਂ ਬੀ ਕੇ ਯੂ ਪੰਜਾਬ ਇਕਾਈ ਜਲੰਧਰ ਵੱਲੋਂ ਇਸ ਰੋਡ ਦੀ ਖ਼ਸਤਾ ਹਾਲਤ ਨੂੰ ਲੈ ਕੇ ਧਰਨਾਂ ਲਗਾ ਕੇ ਟੋਲ ਫ੍ਰੀ ਕੀਤਾ ਸੀ ਉਨ੍ਹਾਂ ਕਿਹਾ ਕਿ ਅਸੀਂ ਧਰਨੇ ਦੌਰਾਨ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਸੀ ਕਿ ਇਸ ਰੋਡ ਨੂੰ ਮੁਕੰਮਲ ਰੂਪ ਵਿੱਚ ਬਣਾਇਆ ਜਾਵੇ ਅਤੇ ਇਸ ਦੀ ਖ਼ਸਤਾ ਹਾਲਤ ਵੱਲ ਤਵੱਜੋਂ ਦਿੱਤੀ ਜਾਵੇ ਪਰ ਪੰਜਾਬ

ਸਰਕਾਰ ਦੇ ਕੰਨਾਂ ਤੇ ਜੂੰ ਤੱਕ ਨਹੀਂ ਸਰਕੀ ਉਨ੍ਹਾਂ ਕਿਹਾ ਕਿ ਹੁਣ ਚੋਣਾਂ ਉਪਰੰਤ ਲੋਕਤੰਤਰ ਦਾ ਫਤਵਾ ਆਇਆਂ ਜਿਸ ਵਿਚ ਆਮ ਆਦਮੀ ਪਾਰਟੀ ਦੀ ਹਾਲਤ ਨਕੋਦਰ ਤੋਂ ਜਗਰਾਓਂ ਰੋਡ ਵਰਗੀ ਕਰ ਦਿੱਤੀ ਹੈ। ਬਾਜਵਾ ਨੇ ਕਿਹਾ ਕਿ ਹੁਣ ਲੋਕਤੰਤਰ ਨੂੰ ਚੁਟਕਲੇ ਸੁਣਾ ਕੇ ਮੂਰਖ਼ ਨਹੀਂ ਬਣਾਇਆ ਜਾ ਸਕਦਾ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਨਕੋਦਰ, ਵਿਧਾਨ ਸਭਾ ਹਲਕਾ ਸ਼ਾਹਕੋਟ ਅਤੇ ਵਿਧਾਨ ਸਭਾ ਹਲਕਾ ਜਗਰਾਓਂ ਇਨ੍ਹਾਂ ਤਿੰਨਾਂ ਹਲਕਿਆਂ ਵਿਚ ਨਕੋਦਰ ਤੋਂ ਜਗਰਾਓਂ ਰੋਡ ਦੀ ਖ਼ਸਤਾ ਹਾਲਤ ਦਾ ਅਸਰ ਪ੍ਰਤੱਖ ਰੂਪ ਵਿੱਚ ਨਜ਼ਰ ਆਇਆ ਹੈ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਵੱਲੋਂ ਇਸ ਰੋਡ ਵੱਲ ਧਿਆਨ ਨਾ ਦਿੱਤਾ ਗਿਆ ਤਾਂ 2027 ਵਿਚ ਇਸ ਦਾ ਖਮਿਆਜ਼ਾ ਆਮ ਆਦਮੀ ਪਾਰਟੀ ਨੂੰ ਭੁਗਤਣਾ ਪੈ ਸਕਦਾ ਹੈ। ਯਾਦ ਰਹੇ ਕਿ ਬੀਕੇਯੂ ਪੰਜਾਬ ਵੱਲੋਂ ਇਸ ਰੋਡ ਤੇ ਲੱਗੇ ਟੋਲ ਪਲਾਜ਼ਾ ਨੂੰ ਸੜਕ ਨਾ ਬਣਨ ਕਾਰਨ ਮੁਕੰਮਲ ਰੂਪ ਵਿੱਚ ਪਰਚੀ ਮੁਕਤ ਕਰਵਾ ਦਿੱਤਾ ਸੀ। ਜਿਸ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਇਸ ਰੋਹਨ ਰਾਜਦੀਪ ਟੋਲ ਪਲਾਜ਼ਾ ਨੂੰ ਪੱਕੇ ਤੌਰ ਤੇ ਬੰਦ ਕਰਨ ਦਾ ਐਲਾਨ ਵੀ ਕੀਤਾ ਸੀ। ਜਿਸ ਉਪਰੰਤ ਟੋਲ ਪਰਚੀ ਮੁਕਤ ਤਾਂ ਹੋਇਆ ਪਰ ਬੰਦ ਨਹੀਂ ਹੋਇਆ।

ਪੈਨਸ਼ਨਰਜ ਦਿਵਸ ਤੇ ਪੰਜਾਬ ਗੌਰਮਿੰਟ ਪੈਨਸ਼ਨਰਜ ਐਸੋਸ਼ੀਏਸ਼ਨ ਬਲਾਚੌਰ ਵੱਲੋਂ ਵਿਸ਼ੇਸ਼ ਸਮਾਗਮ

ਪ੍ਰਧਾਨ ਇੰਜੀ: ਕੇ ਕੇ ਸੋਨੀ ਨੂੰ ਜੀਵਨ ਭਰ ਦੀਆਂ ਪ੍ਰਾਪਤੀਆਂ ਲਈ ਤੇ ਹੋਰ ਸੀਨੀਅਰ ਪੈਨਸ਼ਨਰਾਂ ਦਾ ਸਨਮਾਨ ਕੀਤਾ

ਨਵਾਂਸ਼ਹਿਰ (ਜਤਿੰਦਰਪਾਲ ਸਿੰਘ ਕਲੇਰ) ਪੰਜਾਬ ਗੌਰਮਿੰਟ ਪੈਨਸ਼ਨਰਜ ਵੈਲਫੇਅਰ ਐਸੋਸ਼ੀਏਸ਼ਨ ਤਹਿਸੀਲ ਬਲਾਚੌਰ ਵੱਲੋਂ ਪੈਨਸ਼ਨਰ ਦਿਵਸ ਮੌਕੇ ਸਮਾਗਮ ਕਰਾਇਆ ਗਿਆ ਜਿਸਦੀ ਪ੍ਰਧਾਨਗੀ ਇੰਜੀਨੀਅਰ ਕੇ ਕੇ ਸੋਨੀ ਨੇ ਕੀਤੀ ।ਸਮਾਗਮ ਵਿੱਚ ਵਿੱਚ ਸੈਂਟਰਲ ਬੈਂਕ ਆਫ ਇੰਡੀਆਂ ਬਲਾਚੌਰ ਦੇ ਸੀਨੀਅਰ ਮੈਨੇਜਰ ਸ਼੍ਰੀ ਸੁਧੀਰ ਕੁਮਾਰ ਮੁੱਖ ਮਹਿਮਾਨ ਵੱਜੋਂ ਸ਼ਾਮਿਲ ਹੋਏ ।ਇਸ ਮੌਕੇ ਪ੍ਰਧਾਨ ਇੰਜੀ: ਕੇ ਕੇ ਸੋਨੀ, ਜਨਰਲ ਸਕੱਤਰ ਮਾਸਟਰ ਰਘਬੀਰ ਸਿੰਘ ਸੇਵਾ ਮੁਕਤ ਜਿਲ੍ਹਾ ਸਿੱਖਿਆ ਅਧਿਕਾਰੀ ਤਰਨਜੀਤ ਸਿੰਘ, ਮਾ ਸ਼ਿਵ ਸ਼ਰਮਾਂ ਤੇ ਹੋਰਨਾਂ ਨੇ ਪੈਨਸ਼ਨਰ ਦਿਵਸ ਦੇ ਇਤਿਹਾਸ ਅਤੇ

ਪੰਜਾਬ ਗੌਰਮਿੰਟ ਪੈਨਸ਼ਨਰਜ ਵੈਲਫੇਅਰ ਐਸੋਸੀਸ਼ੇਇਨ ਬਲਾਚੌਰ ਵੱਲੋਂ ਪੈਨਸ਼ਨਰਜ ਦਿਵਸ ਤੇ ਕਰਵਾਏ ਪ੍ਰਭਾਵਸ਼ਾਲੀ ਸਮਾਗਮ ਮੌਕੇ ਸਨਮਾਨਿਤ ਸ਼ਖਸ਼ੀਅਤਾਂ ਨਾਲ ਮੁੱਖ ਮਹਿਮਾਨ ਸੀਨੀਅਰ ਮੈਨੇਜਰ ਸੁਧੀਰ ਕੁਮਾਰ, ਪ੍ਰਧਾਨ ਇੰਜੀ: ਕੇ ਕੇ ਸੋਨੀ, ਜਨਰਲ ਸਕੱਤਰ ਰਘਬੀਰ ਸਿੰਘ, ਸ਼ਿਵ ਸ਼ਰਮਾਂ, ਤਰਨਜੀਤ ਸਿੰਘ,ਬਿੱਕਰ ਸਿੰਘ ਜੱਟਪੁਰੀ ਤੇ ਹੋਰ।

ਮੁਲਾਜਮਾਂ ਤੇ ਪੈਨਸ਼ਨਰਾਂ ਤੇ ਫੈਮਿਲੀ ਪੈਨਸ਼ਰਨਾਂ ਪ੍ਰਤੀ ਸਰਕਾਰਾਂ ਦੇ ਰਵਈਏ ਸੰਬਧੀ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਅਤੇ ਪੈਨਸ਼ਰਨਾਂ ਦੀਆਂ ਬਕਾਇਆਂ ਮੰਗਾਂ ਨੂੰ ਜਲਦੀ ਤੋਂ ਜਲਦੀ ਪੂਰਾ ਕਰਨ ਲਈ ਸਰਕਾਰ ਅੱਗੇ ਅਪੀਲ ਕੀਤੀ ।ਇਸ ਮੌਕੇ ਚਾਰ ਸੀਨੀਅਰ ਪੈਨਸ਼ਨਰਜ ਜਿਨ੍ਹਾਂ ਵਿੱਚ ਹਰਭਜਨ ਲਾਲ ਸੜੋਆ, ਕਰਿਸ਼ਨਾਂ ਦੇਵੀ ਬੱਛੂਆਂ, ਰਤਨੀ ਦੇਵੀ ਬਛੌੜੀ ਅਤੇ ਮਾਸਟਰ ਸੁੱਲਖਣ ਸਿੰਘ ਸਰਪੰਚ ਬਛੌੜੀ ਤੋਂ ਇਲਾਵਾ ਅਸ਼ੋਕ ਕੁਮਾਰ, ਹਰਮਿੰਦਰ ਸਿੰਘ, ਹੰਸ ਰਾਜ ਤਿੰਨੋ ਪਿੰਡ ਮਾਣੇਵਾਲ, ਮੋਹਨ ਚੰਦ

ਬਲਾਚੌਰ, ਫਾਰੈਸਟਰ ਗੁਰਦਾਸ ਸਿੰਘ ਬਲਾਚੌਰ, ਰਾਮ ਪ੍ਰਕਾਸ਼ ਸਿੰਬਲ ਮਜਾਰਾ, ਬਲਵੰਤ ਸਿੰਘ ਭੱਦੀ ਅਤੇ ਥਾਣੇਦਾਰ ਸ਼ਾਮ ਬਲਦੇਵ ਅਤੇ ਸੀਨੀਅਰ ਪੈਨਸ਼ਨਰਜ ਬਲਦੇਵ ਸਿੰਘ ਬੱਲੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ।ਇਸ ਮੌਕੇ ਐਸੋਸ਼ੀਏਸ਼ਨ ਦੇ ਪ੍ਰਧਾਨ ਇੰਜੀਨੀਅਰ ਕੇ ਕੇ ਸੋਨੀ ਨੂੰ ਉਨ੍ਹਾਂ ਦੀਆਂ ਜੀਵਨ ਭਰ ਦੀਆਂ ਪ੍ਰਾਪਤੀਆਂ ਅਤੇ ਐਸੋਸ਼ੀਏਸ਼ਨ ਅਤੇ ਪੈਨਸ਼ਨਰਜ ਵਰਗ ਲਈ ਕੀਤੇ ਜਾ ਰਹੇ ਕਾਰਜਾਂ ਲਈ ਸਨਮਾਨਿਤ ਕੀਤਾ ਗਿਆ ।ਇਸ ਮੌਕੇ ਮੁੱਖ ਮਹਿਮਾਨ ਸੀਨੀਅਰ ਮੈਨਜਰ ਸੁਧੀਰ ਕੁਮਾਰ ਦਾ ਜਿੱਥੇ ਸਨਮਾਨ ਕੀਤਾ,ਉਥੇ ਉਨ੍ਹਾਂ ਦੇ ਮੁਲਾਜਮ, ਪੈਨਸ਼ਨਰ ਅਤੇ ਫੈਮਿਲੀ ਪੈਨਸ਼ਨ ਧਾਰਕਾਂ ਪ੍ਰਤੀ ਮਿਲਾਪੜੇ ਵਤੀਰੇ ਦੀ ਸ਼ਲਾਘਾ ਕੀਤੀ ।ਇਸ ਮੌਕੇ ਗੁਰਨਾਮ ਸਿੰਘ ਖਜਾਨਚੀ, ਬਿੱਕਰ ਸਿੰਘ ਜੱਟਪੁਰ ਸਰਪ੍ਰਸਤ, ਦਿਲਰਾਜ ਸਿੰਘ, ਅਮਰਜੀਤ ਸਿੰਘ ਸਾਬਕਾ ਜਿਲ੍ਹਾ ਖੇਡ ਅਧਿਕਾਰੀ, ਬੀਬੀ ਰਾਮ ਪਿਆਰੀ, ਸੁਰਿੰਦਰ ਕੌਰ, ਹਰੀਪਾਲ ਸਿੰਘ ਭਾਟੀਆ, ਹਰੀ ਰਾਮ ਸੁਮਨ ਬਾਨੀ ਮੈਂਬਰ, ਰਾਣਾ ਜਗਦੀਸ਼ ਸਿੰਘ, ਸੁਰਜੀਤ ਸਿੰਘ, ਦਿਲਦਾਰ ਸਿੰਘ ਅਤੇ ਹੋਰ ਹਾਜਿਰ ਸਨ ।

ਧੁੰਦਾਂ ਦੇ ਵਿਚ ਦੁਰਘਟਨਾਵਾਂ ਨੂੰ ਸੱਦਾ ਦੇ ਰਹੀ ਹੈ ਚਿੱਟੀਆਂ/ਪੀਲੀਆਂ ਪੱਟੀਆਂ ਵਿਹੂਣੀ ਸੰਗਰੂਰ ਪਾਤੜਾਂ ਦਿੱਲੀ ਜਾਣ ਵਾਲੀ ਸੜਕ

● ਪਿਛਲੇ ਦੋ ਸਾਲਾਂ ਤੋਂ ਸੁੱਤਾ ਪਿਆ ਹੈ ਸੰਗਰੂਰ ਪਟਿਆਲਾ ਦਾ ਕੌਮੀ ਮਾਰਗ ਵਿਭਾਗ(ਫਾਂਢ) ਵਿਭਾਗ ● ਡਿਪਟੀ ਕਮਿਸ਼ਨਰ ਸੰਗਰੂਰ ਦੀ ਰਿਹਾਇਸ਼ ਵਾਲੀ ਇਸ ਸੜਕ ਦੇ 500 ਮੀਟਰ ਦੇ ਟੋਟੇ ਨੂੰ ਡੇਢ ਸਾਲ ਤੋਂ ਕਰ ਰੱਖਿਆ ਹੈ ਬੰਦ

ਸੰਗਰੂਰ :– ਉਂਝ ਤਾਂ ਪੰਜਾਬ ਵਿੱਚ ਹਜ਼ਾਰਾਂ ਅਜਿਹੀਆਂ ਸੜਕਾਂ ਹਨ ਜਿੰਨਾਂ ਤੇ ਨਾ ਅਸਾਈਨ ਬੋਰਡ ,ਨਾ ਪੁਲਾਂ ਦੇ ਜੰਗਲੇ, ਤੰਗ ਪੁਲ ਅਤੇ ਨਾ ਕਿਨਾਰਿਆਂ ਅਤੇ ਵਿਚਕਾਰ ਪੱਟੀਆਂ ਲੱਗੀਆਂ ਹੋਈਆਂ ਹਨ। ਇਹ ਊਣਤਾਈਆਂ ਜੋ ਅੱਜ ਕੱਲ ਧੁੰਦਾਂ ਦੇ ਦਿਨਾਂ ਵਿਚ ਹਾਦਸਿਆਂ ਦਾ ਕਾਰਨ ਬਣਦੀਆਂ ਹਨ। ਸੈਂਕੜਿਆਂ ਦੀ ਗਿਣਤੀ ਵਿਚ ਵਸਦੇ ਰਸਦੇ ਘਰਾਂ ਵਿਚ ਸੱਥਰ ਵਿਛ ਜਾਂਦੇ ਹਨ। ਪਰ ਹੈਰਾਨੀ ਉਦੋਂ ਹੁੰਦੀ ਹੈ ਜਦੋਂ ਇਹ ਊਣਤਾਈਆਂ ਰਾਜਮਾਰਗਾਂ ਤੇ ਕੌਮੀ ਮਾਰਗਾਂ ਤੇ ਵੇਖਣ ਨੂੰ ਮਿਲਦੀਆਂ ਹਨ, ਉਸ ਵਿੱਚੋਂ ਇੱਕ ਹੈ ਸੰਗਰੂਰ –ਦਿੱਲੀ ਜਾਣ ਵਾਲਾ ਕੌਮੀ ਮਾਰਗ। ਇਹ ਮਾਰਗ ਸੰਗਰੂਰ ਮਹਾਂਵੀਰ ਚੌਂਕ ਤੋਂ ਸ਼ੁਰੂ ਹੁੰਦਾ ਹੈ। ਬਠਿੰਡਾ ਜੀਰਕਪੁਰ ਬਾਈਪਾਸ ਤੱਕ ਇਹ ਸਿੰਗਲ (ਬਗੈਰ ਡਵਾਈਡਰ) ਹੈ। ਬਾਈਪਾਸ ਤੋਂ ਅੱਗੇ ਇਹ ਫੋਰਲੇਨ ਹੈ।

ਸੰਗਰੂਰ ਸ਼ਹਿਰ ਤੋਂ ਬਾਈਪਾਸ ਤੱਕ ਇਸ ਸੜਕ ਤੇ ਪਿਛਲੇ ਦੋ ਸਾਲਾਂ ਤੋਂ ਕਿਨਾਰਿਆਂ ਦੀਆਂ ਅਤੇ ਵਿਚਕਾਰ ਵਾਲੀ ਪੱਟੀ

ਖਤਮ ਹੋ ਗਈ। ਇੰਨਾ ਪੱਟੀਆਂ ਦੇ ਸਹਾਰੇ ਹੀ ਧੁੰਦਾਂ ਦੇ ਸਮੇਂ ਵਹੀਕਲ ਚਲਦੇ ਹਨ। ਰਾਤਾਂ ਨੂੰ ਧੁੰਦ ਕਰਕੇ ਵਾਹਣ ਦੁਰਘਟਨ ਗਰੱਸਤ ਹੁੰਦੇ ਹਨ। ਅਜਿਹੀ ਘਟਨਾ ਦੀ ਜਾਣਕਾਰੀ ਦਿੰਦਿਆਂ ਸ਼ਹਿਰ ਸੰਗਰੂਰ ਵਿਕਾਸ ਮੰਚ ਦੇ ਕਾਰਜਕਾਰੀ ਮੈਂਬਰ ਮਨਧੀਰ ਸਿੰਘ ਰਾਜੋਮਾਜਰਾ ਨੇ ਦੱਸਿਆ ਪਿਛਲੇ ਦੋ ਤਿੰਨ ਦਿਨਾਂ ਤੋਂ ਪੈ ਰਹੀ ਧੁੰਦ ਕਾਰਨ ਇਸ ਸੜਕ ਪੰਜ ਛੇ ਦੁਰਘਟਨਾਵਾਂ ਹੋਈਆਂ, ਬੇਸ਼ੱਕ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਇਸ ਸੜਕ ਵਿਚ ਤਕਨੀਕੀ ਤੌਰ ਤੇ ਬਹੁਤ ਖਾਮੀਆਂ ਹਨ। ਬਠਿੰਡਾ ਜੀਰਕਪੁਰ ਬਾਈਪਾਸ ਤੋਂ ਇਹ ਸੜਕ ਥੋੜ੍ਹੀ ਕਰਵ (ਮੋੜ) ਲੈਂਦੀ ਹੈ। ਜਿਸ ਕਾਰਨ ਧੁੰਦਾਂ ਦੇ ਦਿਨਾਂ ਵਿਚ ਆਉਣ ਜਾਣ ਵਾਲੇ ਵਾਹਨ ਰਸਤੇ ਤੋਂ ਭਟਕ ਕੇ ਗਲਤ ਲੇਨ ਵਿਚ ਜਾ ਵੜਦੇ ਹਨ ਤੇ ਦੁਰਘਟਨਾ ਗਰੱਸਤ ਹੋ ਜਾਂਦੇ ਹਨ।

ਇਸ ਸੜਕ ਦੇ ਸ਼ਹਿਰ ਵਾਲੇ ਹਿੱਸੇ ਦਾ ਇਕ ਪਾਸਾ ਲੱਗਪੱਗ 500 ਮੀਟਰ ਮਹਾਵੀਰ ਚੌਂਕ ਤੋਂ ਡਿਪਟੀ ਕਮਿਸ਼ਨਰ ਦੀ ਰਹਾਇਸ਼ ਤੱਕ ਪਿਛਲੇ ਡੇਢ਼ ਸਾਲ ਤੋਂ ਸੀਵਰੇਜ ਪਾਉਣ ਕਰਕੇ ਬੰਦ ਕਰ ਰੱਖਿਆ। ਦਿਨ ਵਿਚ ਇਹ 500 ਮੀਟਰ ਦੇ ਟੋਟੇ ਨੂੰ ਪਾਰ ਕਰਨ ਲਈ ਅੱਧਾ ਪੌਣਾਂ ਘੰਟਾ ਜਾਮ ਹਰ ਸਮੇਂ ਲੱਗਿਆਂ ਰਹਿੰਦਾ ਹੈ। ਸੀਵਰੇਜ ਪਾਏ ਨੂੰ ਸੱਤ ਅੱਠ ਮਹੀਨੇ ਹੋ ਚਲੇ ਹਨ, ਪਰ ਸੜਕ ਦੀ ਉਸਾਰੀ ਹੁਣ ਤੱਕ ਨਹੀਂ ਕੀਤੀ ਗਈ ਜੋ ਡਿਪਟੀ ਕਮਿਸ਼ਨਰ ਦੀ ਰਹਾਇਸ਼ ਦੇ ਬਿਲਕੁਲ ਅੱਗਿਓਂ ਦੀ ਗੁਜਰਦੀ ਹੈ ਜਦ ਕਿ ਸੀਵਰੇਜ ਵਿਭਾਗ ਨੇ ਕੌਮੀ ਮਾਰਗ ਵਿਭਾਗ (ਫਾਂਧ) ਰੋਡ ਕਟਿੰਗ ਦੇ ਪੈਸੇ ਵੀ ਜਮਾ ਕਰਵਾਏ ਹੋਣਗੇ।ਅੱਤ ਦਰਜੇ ਦੀ ਸੁਸਤੀ।

ਸ਼ਹਿਰ ਸੰਗਰੂਰ ਵਿਕਾਸ ਮੰਚ, ਸੰਗਰੂਰ ਪ੍ਰਸ਼ਾਸਨ ਤੋਂ ਮੰਗ ਕਰਦਾ ਹੈ ਇਸ ਸੜਕ ਤੇ ਬਾਈਪਾਸ ਤੱਕ ਕਿਨਾਰਿਆਂ ਤੇ ਵਿਚਕਾਰ ਵਾਲੀਆਂ ਚਿੱਟੀਆਂ/ਪੀਲੀਆਂ ਪੱਟੀਆਂ ਤੁਰੰਤ ਲਗਵਾਈਆਂ ਜਾਣ। ਬਾਈਪਾਸ ਤੋਂ ਜਿਥੇ ਇਹ ਸੜਕ ਕਰਵ ਲੈਂਦੀ ਹੈ ,ਪੁਲ ਦੇ ਨੀਚੇ ਤੱਕ ਚਿੱਟੀਆਂ/ ਪੀਲੀਆਂ ਪੱਟੀਆਂ ਲਗਾਈਆਂ ਜਾਣ, ਤਾਂ ਕਿ ਆਉਣ ਜਾਣ ਵਾਲੇ ਵਾਹਨ ਰਸਤੇ ਤੋਂ ਨਾ ਭਟਕਣ।ਮਹਾਂਵੀਰ ਚੌਂਕ ਤੋਂ ਡਿਪਟੀ ਕਮਿਸ਼ਨਰ ਦੀ ਰਹਾਇਸ਼ ਤੱਕ ਦਾ 500 ਮੀਟਰ ਦਾ ਟੋਟਾ ਤੁਰੰਤ ਬਣਾ ਕੇ ਲੱਗਣ ਵਾਲੇ ਜਾਮਾਂ ਤੋਂ ਰਾਹਤ ਦਿਵਾਈ ਜਾਵੇ।

ਵੱਲੋਂ
ਮਨਧੀਰ ਸਿੰਘ ਰਾਜੋਮਾਜਰਾ
ਮੈਂਬਰ ਸ਼ਹਿਰ ਸੰਗਰੂਰ

ਪੰਜਾਬੀ ਸਾਹਿਤ ਸਬੰਧੀ , ਪੰਜਾਬੀ ਭਾਸ਼ਾ , ਬੋਲੀ ਨੂੰ ਅਜੋਕੇ ਸਮੇਂ ਉੱਨਤ ਕਰਨ ਲਈ ਸਾਹਮਣੇ ਆ ਰਹੀਆ ਚੁਣੌਤੀਆਂ ਬਾਰੇ ਅਤੇ ਅਜੋਕੇ ਸਮੇਂ ਵਾਪਰ ਰਹੀਆਂ ਘਟਨਾਵਾਂ ਬਾਰੇ ਵਿਚਾਰ ਚਰਚਾ ਕੀਤੀ

ਰਾਏਕੋਟ, (ਗੁਰਭਿੰਦਰ ਗੁਰੀ) ਸਾਹਿਤ ਸਭਾ ਰਾਏਕੋਟ ਦੀ ਮਹੀਨਾਵਾਰ ਮੀਟਿੰਗ ਕਲਸੀ ਫਰਨੀਚਰ ਹਾਊਸ ਵਿਖੇ ਸਾਹਿਤ ਸਭਾ ਦੇ ਪ੍ਰਧਾਨ ਰਾਜਮਿੰਦਰਪਾਲ ਸਿੰਘ ਪਰਮਾਰ ਦੀ ਪ੍ਰਧਾਨਗੀ ਹੇਠ ਕੀਤੀ ਗਈ। ਜਿਸ ਵਿੱਚ ਸਾਰੇ ਸੀਨੀਅਰ ਮੈਂਬਰਾਂ ਸਾਹਿਬਾਨਾਂ ਨੇ ਭਾਗ ਲਿਆ। ਮੀਟਿੰਗ ਦੌਰਾਨ ਪੰਜਾਬੀ ਸਾਹਿਤ ਸਬੰਧੀ , ਪੰਜਾਬੀ ਭਾਸ਼ਾ , ਬੋਲੀ ਨੂੰ ਅਜੋਕੇ ਸਮੇਂ ਉੱਨਤ ਕਰਨ ਲਈ ਸਾਹਮਣੇ ਆ ਰਹੀਆ ਚੁਣੌਤੀਆਂ ਬਾਰੇ ਅਤੇ ਅਜੋਕੇ ਸਮੇਂ ਵਾਪਰ ਰਹੀਆਂ ਘਟਨਾਵਾਂ ਬਾਰੇ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਦੌਰਾਨ ਸਾਹਿਤ ਸਭਾ ਦੇ ਉਹ ਮੈਂਬਰ ਮਾਸਟਰ ਮਲਕੀਤ ਸਿੰਘ, ਡਾਕਟਰ ਹਰਜਿੰਦਰ ਸਿੰਘ ਅਤੇ ਗੁਰ-

ਬਚਨ ਸਿੰਘ ਜੋ ਸਦੀਵੀ ਵਿਛੋੜਾ ਦੇ ਗਏ ਸਨ। ਉਹਨਾਂ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ ਗਈ । ਸਾਹਿਤ ਸਭਾ ਰਾਏਕੋਟ ਵਿੱਚ ਉਹਨਾਂ ਦੇ ਪਾਏ ਯੋਗਦਾਨ ਨੂੰ ਯਾਦ ਕੀਤਾ ਗਿਆ। ਇਸ ਮੌਕੇ ਸਭਾ ਦੇ ਸਰਪ੍ਰਸਤ ਬਲਬੀਰ ਸਿੰਘ ਬੱਲੀ , ਸਲਾਹਕਾਰ ਦਰਬਾਰਾ ਸਿੰਘ ਦਰਸ਼ਕ, ਮਾਸਟਰ ਗੁਰਦੀਪ ਸਿੰਘ ,ਸੀਨੀਅਰ ਮੀਤ ਪ੍ਰਧਾਨ ਜਗਦੇਵ ਸਿੰਘ ਕਲਸੀ, ਖਜਾਨਚੀ ਰਣਜੀਤ ਸਿੰਘ ਰਾਏ ,ਵਿਸ਼ਵ ਪੰਜਾਬੀ ਸਭਾ ਭਾਰਤ ਦੇ ਪ੍ਰਧਾਨ ਬਲਬੀਰ ਕੌਰ ਰਾਏਕੋਟੀ, ਖਜਾਨਚੀ ਰਣਜੀਤ ਸਿੰਘ ਰਾਏ ਅਤੇ ਜਗਦੀਪ ਸਿੰਘ ਕਲਸੀ ਆਦਿ ਹਾਜ਼ਰ ਸਨ।

ਡਾ: ਡੀ.ਐਨ. ਕੋਟਨੀਸ ਐਕਿਊਪੰਕਚਰ ਚੈਰੀਟੇਬਲ ਹਸਪਤਾਲ ਦੀ 50ਵੀਂ ਵਰ੍ਹੇਗੰਢ ਨੂੰ ਸਮਰਪਿਤ ਸੱਤ ਦਿਨਾਂ ਦਾ ਮੁਫ਼ਤ ਐਕਿਊਪੰਕਚਰ ਮੈਡੀਕਲ ਕੈਂਪ ਅੱਜ

ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਮਨੁੱਖਤਾ ਅਤੇ ਭਾਰਤ-ਚੀਨ ਦੋਸਤੀ ਦੇ ਪ੍ਰਤੀਕ ਡਾ: ਦਵਾਰਕਾ ਨਾਥ ਕੋਟਨੀਸ ਦੀ ਪਵਿੱਤਰ ਯਾਦ ਨੂੰ ਸਮਰਪਿਤ ਅਤੇ ਚੀਨ ਲਈ ਭਾਰਤੀ ਮੈਡੀਕਲ ਮਿਸ਼ਨ ਅਤੇ ਡਾ: ਡੀ.ਐਨ. ਕੋਟਨੀਸ ਐਕਿਊਪੰਕਚਰ ਚੈਰੀਟੇਬਲ ਹਸਪਤਾਲ ਦੀ 50ਵੀਂ ਵਰ੍ਹੇਗੰਢ ਨੂੰ ਸਮਰਪਿਤ ਸੱਤ ਦਿਨਾਂ ਦਾ ਮੁਫ਼ਤ ਐਕਿਊਪੰਕਚਰ ਮੈਡੀਕਲ ਕੈਂਪ 19 ਦਸੰਬਰ ਨੂੰ ਸਵੇਰੇ 10:00 ਵਜੇ ਤੋਂ ਦੁਪਹਿਰ 2:00 ਵਜੇ ਤੱਕ ਗੁਰਦੁਆਰਾ ਸ਼ਹੀਦਾਂ ਪਿੰਡ ਸੁਧਾਰ, ਤਹਿਸੀਲ ਰਾਏਕੋਟ, ਲੁਧਿਆਣਾ ਵਿਖੇ ਆਯੋਜਿਤ ਕੀਤਾ ਜਾਵੇਗਾ। ਡਾ: ਡੀ.ਐਨ. ਕੋਟਨੀਸ ਐਕਿਊਪੰਕਚਰ ਚੈਰੀਟੇਬਲ ਹਸਪਤਾਲ, ਸਲੇਮ ਟਾਬਰੀ, ਲੁਧਿਆਣਾ ਦੁਆਰਾ ਆਯੋਜਿਤ ਇਸ ਕੈਂਪ ਬਾਰੇ ਜਾਣਕਾਰੀ ਦਿੰਦੇ ਹੋਏ, ਹਸਪਤਾਲ ਦੇ ਡਾਇਰੈਕਟਰ ਡਾ: ਇੰਦਰਜੀਤ ਸਿੰਘ ਨੇ ਦੱਸਿਆ ਕਿ ਕੈਂਪ ਦਾ ਉਦਘਾਟਨ ਸਰਪੰਚ ਸਰਦਾਰਨੀ ਹਰਜਿੰਦਰ ਕੌਰ ਦੁਆਰਾ ਕੀਤਾ ਜਾਵੇਗਾ। ਪ੍ਰਸਿੱਧ ਮਾਹਿਰ ਡਾ: ਇੰਦਰਜੀਤ ਸਿੰਘ, ਡਾ: ਰਘੁਬੀਰ ਸਿੰਘ ਅਤੇ ਡਾ: ਬਲਜਿੰਦਰ ਸਿੰਘ ਦੇ ਨਾਲ, ਐਕਿਊਪੰਕਚਰ ਰਾਹੀਂ ਬਿਨਾਂ ਸਰਜਰੀ ਦੇ ਪੁਰਾਣੀਆਂ ਅਤੇ ਗੁੰਝਲਦਾਰ ਬਿਮਾਰੀਆਂ ਦਾ ਸਫਲਤਾਪੂਰਵਕ ਇਲਾਜ ਕਰਨਗੇ। ਇਸ ਮੌਕੇ ਸਰਦਾਰ ਇਕਬਾਲ ਸਿੰਘ ਗਿੱਲ ਆਈ.ਪੀ.ਐਸ., ਜਸਵੰਤ ਸਿੰਘ ਛਾਪਾ ਲੁਧਿਆਣਾ ਪ੍ਰਧਾਨ ਸਰਬੱਤ ਦਾ ਭਲਾ ਟਰੱਸਟ ਵਿਸ ਤੌਰ 'ਤੇ ਮੌਜੂਦ ਰਹਿਣਗੇ।

ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
HOMOEOPATHIC HEALTH CLINIC (DERBY) REGD.

MANJEET SINGH KHANBA
Award Winner 1999, 2001 & 2005
(2 Awards) BSYA

ਰੋਜ਼ ਕਿਸੇ ਵੀ ਤਰ੍ਹਾਂ ਦਾ ਹੋਵੇ ਜਾਂ ਹੋਵੇ ਰੋਜ਼ ਦੀ ਸੁਰੂਆਤ, ਸਹੀ ਦਵਾਈ ਅਤੇ ਸਹੀ ਇਲਾਜ ਨਾ ਮਿਲਣ ਤੇ ਬੀਮਾਰੀ ਵੱਧ ਜਾਂਦੀ ਹੈ, ਇੰਝ ਨਾ ਕਰੋ ਆਪਣੀ ਮਾਨਸਿਕ ਜਾਂ ਸ਼ਰੀਰਕ ਪ੍ਰੇਸ਼ਾਨੀ ਬਾਰਤ ਸਾਨੂੰ ਫੋਨ ਕਰੋ, ਅਸੀਂ ਮੁਫ਼ਤ ਸਲਾਹ ਮਸ਼ਵਰਾ (FREE CONSULTATION) ਦਿੰਦੇ ਹਾਂ ਅਤੇ ਸਾਰੀਆਂ ਬਿਮਾਰੀਆਂ ਦਾ ਇਲਾਜ ਕਰਦੇ ਹਾਂ, ਜਿਵੇਂ :

GENERAL DISEASES: ਸ਼ੱਕਰ ਰੋਗ (Diabetes), ਦਮੇ ਦੀ ਬੀਮਾਰੀ (Asthma), ਜੋੜਾਂ ਦੀ ਸੋਜ (Arthritis), ਵਾਤ ਰੋਗ (Rheumatism), ਜੋੜਾਂ, ਮਾਸਪੇਸ਼ੀਆਂ, ਗੋਡਿਆਂ-ਮੋਢਿਆਂ, ਪਿੱਠ ਅਤੇ ਗੋਹ ਦੇ ਦਰਦ (Sciatica), ਬਦਹਜ਼ਮੀ (Indigestion), ਮੇਹਦਾ ਕਮਜ਼ੋਰ, ਖੱਟੇ ਡਕਾਰ, ਦਿਲ ਵਿੱਚ ਜਲਨ (Heart Burning) ਅਤੇ ਦਰਦ, ਕਬਜ਼ੀ (Constipation), ਬਵਾਸੀਰ (Piles) ਖੂਨੀ ਜਾਂ ਬਾਦੀ, ਮੁਹਾਸੇ (Haemorrhoids), ਅਫਾਰਾ (Flatulence), ਪੀਲੀਆ ਰੋਗ (Jaundice), ਜਿਗਰ ਦਾ ਸੁੱਜ ਜਾਣਾ (Hepatitis), ਹਰਨੀਆਂ (Hernia), ਬਲੱਡ ਪ੍ਰੈਸ਼ਰ (Blood Presure High or Low), ਕਲਸੇਹ, ਅੱਗਾ ਵਿੱਚ ਪਾਣੀ ਭਰਨਾ, ਚੁੱਲ ਪੈਣੀ, ਮੁਟਾਪਾ (Obesity), ਅੱਧੇ ਜਾਂ ਪੂਰੇ ਸਿਰ ਦਾ ਦਰਦ (Migraine), ਵਾਲਾਂ ਦਾ ਟੁੱਟਣਾ (Hair Falling) ਜਾਂ ਸਮੇਂ ਤੋਂ ਪਹਿਲੇ ਸਫੇਦ ਹੋ ਜਾਣਾ, ਗੰਜ, ਚਿਹਰੇ ਤੇ ਛੋਲਾਪਣ (Alopecia), ਚੇਹਰੇ ਦੇ ਮੁਹਾਸੇ (Acne), ਝਿਲਮੀ, ਛਿਹਰੀ (Pigmentation), ਝੁਰੜੀਆਂ ਅਤੇ ਸ਼ਾਦੀਆ, ਦੰਦਾਂ ਦਾ ਦਰਦ, ਮਸੂੜਿਆਂ ਵਿੱਚੋਂ ਖੂਨ ਅਤੇ ਪੀਸ ਨਿਕਲੇ (Bleeding Gums & Pyorrhoea), ਕੰਨਾਂ ਵਿੱਚੋਂ ਪੀਪ ਦਾ ਆਉਣਾ ਜਾਂ ਪਰਦੇ ਵਿੱਚ ਮੋਰੀ, ਕੰਨਾਂ ਵਿੱਚ ਆਵਾਜਾਂ ਸੁਣਨੀਆਂ (Tinnitis) ਜਾਂ ਬੋਲਾਪਣ, ਮੁਰਦ ਬੀਮਾਰੀਆਂ, ਮਲਦੇ ਦੀ ਸੋਜ, ਪਿਸ਼ਾਬ ਦੀ ਰੁਕਾਵਟ ਅਤੇ ਜਲਨ, ਪਿਸ਼ਾਬ ਵਿੱਚ ਖੂਨ ਆਉਣਾ, ਰੁਕਵੇ ਵਿੱਚ ਪੱਥਰੀ, ਚੱਕਰ (Vertigo), ਖਰਾਬ-ਨੀਂਦ, ਖਬਤਰੀਕਤਾ (Anaemia), ਛਾਤ ਘੱਟਣਾ, ਨਾੜਾਂ ਵਿੱਚ ਦਰਦ (Neuralgia), ਮਾਨਸਿਕ ਨਿਢਾਲਤਾ ਅਤੇ ਖਿਝਲੀ (Depression).

{ ਖੁਜਲੀ Eczema ਜਾਂ ਸੋਰਾਈਸਿਜ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

EYE DROPS: ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜ਼ਮਾਓ) £13

TONICS - 1) ਸ਼ਰੀਰਕ ਸ਼ਕਤੀ ANAEMIA, ਖੂਨ ਦੇ ਘੱਟ ਸੰਚਾਰ, ਸ਼ਰਮੀਕਲ ਅਪ੍ਰੇਸ਼ਨ ਜੇ ਪ੍ਰੈਗਨੈਂਸੀ ਤੋਂ ਬਾਅਦ ਆਈ ਕਮਜ਼ੋਰੀ ਨੂੰ ਦੂਰ ਕਰਦਾ ਹੈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ (NERVE TONIC)- ਮਾਨਸਿਕ ਤਨਾਅ, ਥਕਾਟ, ਉਦੀਦ, ਪ੍ਰੇਸ਼ਾਨੀ, ਡਿਪ੍ਰੈਸ਼ਨ ਤੇ ਹਰ ਬਿਮਾਰੀ ਵਿਚ ਮਦਦ, ਹਰ ਕਿਸੇ ਲਈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1)	ਮਰਦਾਨਾ ਤਾਕਤ ਦਾ ਫੈਲਾਓ ਨੁਸਖਾ- -------- 1 ਮਹੀਨੇ ਦੀ ਕੀਮਤ	£35
2)	ਰੁਕਾਵਟ ਦਾ ਸੁਨਿਹਰੀ ਨੁਸਖਾ- -------- 1 ਮਹੀਨੇ ਦੀ ਕੀਮਤ	£35
3)	ਧਾਤ ਲਈ (ਵੀਰਜ ਨੂੰ ਗਾੜਾ ਕਰਕੇ HEALTHY SPERMS) ਪੈਦਾ ਕਰਦਾ ਹੈ-1 ਮਹੀਨੇ ਦੀ ਕੀਮਤ	£40
4)	ਲੰਮੇ ਸਮੇਂ ਤੋਂ ਹੱਥ ਕਾਸੇ ਕਾਰਨ ਪੈਦਾ ਹੋਈ ਨਾਮਰਦੀ- -------- 1 ਮਹੀਨੇ ਦੀ ਕੀਮਤ	£35
5)	ਗਲਤਫਹਮੀਆਂ ਕਾਰਨ ਜਿੰਝ ਕਮਜ਼ੋਰ, ਠੰਢਾ, ਟੇਢਾ ਅਤੇ ਛੋਟਾ- ------- 1 ਮਹੀਨੇ ਦੀ ਕੀਮਤ	£35
6)	ਨਲਿਆਂ ਕਾਰਨ ਸ਼ਰੀਰਕ ਫੈਲਾਓ ਦੀ ਕਮਜ਼ੋਰੀ ਅਤੇ ਨਾਮਰਦੀ -------- 1 ਮਹੀਨੇ ਦੀ ਕੀਮਤ	£30
7)	ਸ਼ੁਗਰ/ਸ਼ੂਗਰ ਦੀ ਬਿਮਾਰੀ ਦਾ ਨੁਸਖਾ- -------- 1 ਮਹੀਨੇ ਦੀ ਕੀਮਤ	£25
8)	ਸ਼ਰੀਰਕ ਅਤੇ ਜਿੰਝ ਦੀਆਂ ਨਸਾਂ ਦੀ ਕਮਜ਼ੋਰੀ ਲਈ ਤੇਲ- -------- 1 ਮਹੀਨੇ ਦੀ ਕੀਮਤ	£25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

ਐਜ਼ੂਸਪਰਮੀਆਂ (AZOOSPERMIA), ਸਫੇਦ ਵੀਰਜ ਵਿਚਲੇ ਸਪਰਮ ਕਮਜ਼ੋਰ, ਸ਼ਕਤੀਹੀਨ ਹੋਣ ਜਾਂ ਸਪਰਮ ਬਿਲਕੁਲ ਹੀ ਨਾ ਹੋਣ, ਅੰਡਕੋਸ਼ ਵਿਚ ਪਾਣੀ ਭਰਨਾ (HYDROCELE), ਸੁਜਾਕ (GONORRHOEA), ਸੁਪਾਰੀ ਦੀ ਸੋਜ, ਵਾਰ-ਵਾਰ ਪੇਸ਼ਾਬ ਆਉਣ ਅਤੇ ਕਰਦੇ ਸਮੇਂ ਜਲਨ, ਪ੍ਰਸਟੇਟ ਗ੍ਰੰਥੀ (PROSTATE GLAND) ਦੀ ਸੋਜ ਕਾਰਨ ਵਡੇਰੀ ਉਮਰ ਵਾਲੇ ਰੋਗੀ ਨੂੰ ਪਿਸ਼ਾਬ ਦੇ ਰੋਗ, ਬਹੁਤ ਮੋਟੇ ਰੋਗੀ ਦੀ ਨਾਮਰਦੀ, ਆਤਸ਼ਕ (SYPHILIS) ਕਾਰਨ ਜਿੰਝ ਉਤੇ ਸਖਤ ਚਮੜ, SPERMATIC ਗ੍ਰੰਥੀ ਦੀਆਂ ਨਲਾਂ ਦਾ ਫੁਲਣਾ (VARICOCELE), ਅੰਡਕੋਸ਼ਾਂ ਦਾ ਸਨਸਨਾ ਵਰਗੇ ਹੋਰਨਾਂ ਬੀਮਾਰੀਆਂ ਦਾ ਇਲਾਜ ਵੀ ਅਸੀਂ ਤਜਰਬੇਕਾਰ ਕਰਦੇ ਹਾਂ, ਹੋਰ ਜਾਣਕਾਰੀ ਲਈ ਫੋਨ ਕਰੋ ਜੀ।

ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

ਮਾਹਵਾਰੀ ਦਾ ਦਰਦ ਜਾਂ ਰੋਜ਼ ਨਾਲ ਆਉਣਾ ਜਾਂ ਬਹੁ ਮਾਤਰਾ ਵਿਚ ਮਾਹਵਾਰੀ, ਜਾਂ ਦਰਦ ਨਾਲ ਆਉਣਾ (Dysmenorrhoea), ਲਿਕੋਰੀਆ ਪਰਦਰ (ਚਰਦੇ ਪਾਣੀ), ਛਾਤੀਆਂ ਦਾ ਸੁੱਕਣਾ ਜਾਂ ਛੋਟੇ ਹੋਣਾ (Atrophy of Mammae) ਜਾਂ ਛਾਤੀਆਂ ਬਹੁਤ ਛਾਤੀਆਂ ਅਤੇ ਮੋਟੀਆਂ, ਛਾਤੀਆਂ ਵਿੱਚ ਸੋਜ (Mastitis), ਛਾਤੀਆਂ ਦਾ ਕੈਂਸਰ, ਛਾਤੀਆਂ ਦੀਆਂ ਡੰਡੀਆਂ ਸੁੰਨ ਜਾ ਡੰਡੀਆਂ ਤੇ ਚੀਰ, ਛਾਤੀਆਂ ਵਿੱਚ ਗੱਠੜੀ, ਦੁਧ ਬੰਦ, ਬੱਚੇਦਾਨੀ (Uterus) ਵਿਚੋਂ ਵਾਧੂ ਦਾ ਸਰਨਾ (Physometra) ਜਾਂ ਬੱਚੇਦਾਨੀ ਖੁਲ੍ਹ ਜਾਣ ਦਾ ਅਹਸਾਸ, ਬੱਚੇਦਾਨੀ ਦਾ ਆਪਣੀ ਥਾਂ ਤੋਂ ਹੱਟਣਾ ਜਾਂ ਬਾਹਰ ਆਉਣਾ, ਬੱਚੇਦਾਨੀ ਵਿਚ ਗਲਿਲੀ (Fibroid Uterine), ਅੰਡਾਦਾਨੀ ਦੇ ਰੋਗ (Diseases of Ovaries), ਅੰਡਾਦਾਨੀ ਵਿਚ ਛਾਲੇ (Ovarian Cysts), ਯੋਨੀ ਦੀ ਇਕਸਮਰ ਸੁੰਕੜਾਹ (Vaginimus), ਯੋਨੀ ਦੀ ਸੋਜ (Vaginitis), ਔਰਤਾਂ ਵਿੱਚ ਕਾਮਵਾਸ਼ਨਾ ਦਾ ਘੱਟ ਹੋਣਾ ਜਾਂ ਨਾ ਹੋਣਾ (Frigidity), ਸੰਭੋਗ ਵੇਲੇ ਜਾਂ ਮਗਰੋਂ ਜਲਨ ਦਾ ਹੋਣਾ, ਜਣਨ ਅੰਗਾਂ ਦੀ ਖੁਜਲੀ (Pruritis), ਜਣਨ ਅੰਗਾਂ ਵਿੱਚ ਫਟਣੇ ਅਤੇ ਫਟਕਰ, ਜਿੰਝ ਭੋਗ ਸਮੇਂ ਸੁਖਾਦ ਨਾ ਆਵੇ, ਬਾਂਝਪਣ (Sterility), ਗਰਭਪਾਤ ਦਾ ਵਾਰ ਵਾਰ ਹੋਣਾ (Miscarriage) ਗਰਭ ਸਮੇਂ ਦੇ ਰੋਗ ਜਾਂ ਜਣੇਪੇ ਮਗਰੋਂ ਦੇ ਰੋਗ (Diseases of Post Partum) ਅਤੇ ਮਾਹਵਾਰੀ ਬੰਦ ਵੇਲੇ ਦੇ ਰੋਗ (Menopause Disorders) - ਹੋਰ ਜਾਣਕਾਰੀ ਲਈ ਫੋਨ ਕਰੋ।

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।

LADY CONSULTANT & PRACTITIONER IS AVAILABLE, MRS. JASWINDER KAUR KHANBA BSYA. (HOM.), (A.P) AND (NUTRI.)

ਔਰਤਾਂ ਲਈ ਖੁਸ਼ਬਤੀ ਤੋਹਫੇ ਅਤੇ ਨੁਸਖੇ (SCIENTIFICALLY PROVEN 'NATURAL GIFTS')

ਮੁਫ਼ਤਾਵਰ ਪੰਫਿਲਟ ਵਿਚ ਪੂਰੀ INFORMATION, ਲਾਭ ------ (1 ਮਹੀਨੇ ਦੀ ਕੀਮਤ)

ਨੁਸਖਾ ਨੰਬਰ 1 (IN TABLETS) : ਇਹ ਦਵਾਈ ਔਰਤਾਂ ਦੇ ਚਿਹਰੇ ਦੇ ਚਿੱਟੇ ਦਾਗ਼ਾ (PIGMENTATION WHITE SPOTS) ਦਾ ਖੁਸ਼ਬਤੀ ਸਫ਼ਾਇਆ ਕਰਦੀ ਹੈ - ਇਕ ਮਹੀਨੇ ਦੀ ਕੀਮਤ -- **£69**

ਨੁਸਖਾ ਨੰਬਰ 2 (IN CAPSULES OR IN PEARLS) : ਬੱਚਿਆਂ ਦੀ ਪੈਦਾਇਸ਼ ਅਤੇ ਦੁੱਧ ਚੁਆਉਣ ਕਾਰਣ ਔਰਤਾਂ ਦੀਆਂ ਖਿੱਚੀਆਂ ਹੋਈਆਂ ਛਾਤੀਆਂ ਨੂੰ ਸ਼ੇਪ ਕਰਕੇ ਸਹੀ PROPER SHAPE ਦਿੰਦੀ ਹੈ - **£89**

ਨੁਸਖਾ ਨੰਬਰ 3 (IN CAPSULES) : ਇਹ ਦਵਾਈ ਹਰ ਉਮਰ ਵਿਚ ਭਾਰ ਘਟਾਉਂਦੀ ਹੈ (POWERFUL FAT BURNER) ਸਰੀਰ ਵਿਚ ਚੁਸਤੀ ਅਤੇ ਫੁਰਤੀ ਪਾਉਂਦੀ ਹੈ । ---------- **£69**

ਨੁਸਖਾ ਨੰਬਰ 4 (IN CAPSULES) : ਇਹ ਦਵਾਈ ਔਰਤਾਂ ਦੇ ਵਧੇ ਹੋਏ ਲਟਕਦੇ ਢਿੱਡ (FLABBY & OUT OF SHAPE BELLY) ਨੂੰ ਘਟਾ ਕੇ FLAT ਅਤੇ TONED ਕਰਕੇ ਛਾਤੀਆਂ ਦੇ ਉਭਾਰ ਨੂੰ ਉਮਦਾਰ ਕਰਦੀ ਹੈ - **£69**

ਨੁਸਖਾ ਨੰਬਰ 5 (IN CAPSULES) ਔਰਤਾਂ ਵਿਚ ਘਟੀ ਹੋਈ ਕਾਮ-ਵਾਸ਼ਨਾ (FEMALE SEX-DRIVE) ਨੂੰ ਵਧਾ ਕੇ ਇਹ ਦਵਾਈ ਮਾਨਸਿਕ ਅਤੇ ਸਰੀਰਕ ਤੰਦਰੁਸਤੀ ਪੈਦਾ ਕਰਦੀ ਹੈ । A REAL MAGIC ਹਰ ਔਰਤ ਲਈ- **£69**

ਨੁਸਖਾ ਨੰਬਰ 6 (GEL IN APPLICATORS): ਯੋਨੀ ਵਿਚੋਂ ਖੁਸ਼ਕੀ ਅਤੇ ਸਖਤ ਕਾਰਣ SEXUAL DISCOMFORT ਨੂੰ ਦੂਰ ਕਰਕੇ ਕਾਮ-ਵਾਸ਼ਨਾ 'ਚ ਵਾਧਾ ਕਰਕੇ ਖੁਸ਼ਕਤੀ ਅਤੇ ਨਰਮਾਈ ਪੈਦਾ ਕਰਦੀ ਹੈ VAGINAL LUBRICATION GEL / (MAGIC) ---**£49**

ਨੁਸਖਾ ਨੰਬਰ 7 (IN CAPSULES) : ਮਾਹਵਾਰੀ ਬੰਦ (MENOPAUSE) ਹੋਣ ਬਾਅਦ ਸਰੀਰ ਵਿਚ CALCIUM ਦੀ ਘਾਟ ਕਾਰਣ ਪਾਣੀਹੀਨ ਹੱਡੀਆਂ ਦੀਨੀ ਬਰਕਲੀਫ਼ (OSTEOPOROSIS) ਤੋਂ ਬਚਾਅ ------ **£59**

ਨੁਸਖਾ ਨੰਬਰ 8 (IN CAPSULES): ਇਹ ਦਵਾਈ ਚਾਕਣ ਵਾਲਾ ਮੋਟਾ ਚੀਜ਼ਾਂ ਦਵਾਈ ਨੂੰ ਸਹਜ ਕਰਕੇ ਹੈ -**£59**

ਨੁਸਖਾ ਨੰਬਰ 9 (IN CAPSULES) ਬਹੁ ਗਹੀ ਉਮਰ ਵਿਚ ਘਟ ਗਹੀ ਹਾਰਮੋਨਸ ਲਈ ਇਹ ਇਕ ਅਜ਼ੂਬਾ ਹੈ- **£59**

ਨੁਸਖਾ ਨੰਬਰ 10 (IN CAPSULES) : ਇਹ ਦਵਾਈ ਮਾਨਸਿਕ ਅਤੇ ਸਰੀਰਕ ਥਿਤਰਾਵਾ ਨੂੰ ਦੂਰ ਕਰਕੇ ਚੰਗਵਾਤੀ ਅਤੇ ਸ਼ਾਤਮਈ ਨੀਂਦ ਲਿਆਉਂਦੀ ਹੈ GUARANTEED GOOD QUALITY SLEEP ------- **£59**

ਨੁਸਖਾ ਨੰਬਰ 11 (IN TABLETS): ਇਹ ਦਵਾਈ ਗਲਤਫਹਮੀਆਂ, ਮੁਰਦ ਵਾਲੀ ਗਲਤੀ (ANXIETY) ਵਿਚ ਹਲਦੀ ਅਤੇ ਸੋਗਮੀਏ ਫੈਸਲਾ ਵਾਲੀ ਪੁਰਾਣੀ ਗਲਤੀ ਕਰਕੇ ਚਮਤਕੀਲੇ ਨੂੰ ਦੂਰ ਕਰਦੀ ਹੈ ---------- **£49**

ਮਰਦਾਂ ਲਈ ਖੁਸ਼ਬਤੀ ਤੋਹਫੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS): ਉਹਨਾ ਖਾਸ ਮੌਕਿਆਂ (SPECIAL OCCASIONS) ਤੇ ਮਜ਼ਾ ਨੂੰ ਆਪਣੀ ਮਰਜ਼ਾਨਗੀ ਦੀ ਛਾਪ ਛੱਡਣ ਵਿਚ ਇਹ ਦਵਾਈ ਮਦਦ ਕਰਦੀ ਹੈ ---- **£89**

ਨੁਸਖਾ ਨੰਬਰ 13 (IN VIALS): ਮਰਦ ਦੀ ਮਰਜ਼ਾਨਗੀ ਨੂੰ ਚੰਗਤ (ਘਟੇ ਪੈਣ) ਮਿਕਦਾਰੀ ਮਰਜ਼ੀ--- **£89**

ਨੁਸਖਾ ਨੰਬਰ 14 (IN TABLETS): ਢਹਤਲੀ ਉਮਰ ਵਿਚ ਮਰਦਾਂ ਨੂੰ ਆਉਣ ਵਾਲਿਆਂ ਪਿਸ਼ਾਬ ਅਤੇ SEXUAL ਸਮੱਸਿਆਵਾਂ MALE DISORDERS ਨੂੰ ਇਹ ਦਵਾਈ ਹੱਲ ਕਰਦੀ ਹੈ ---- **£69**

ਅੰਦਰੂਨੀ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿਤੇ ਜਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਸਾਰੂ ਵਾਰ ਕੰਮ ਕਰਦੇ ਹਨ)

PILAES (IN OINTMENT)	ਬਵਾਸੀਰ ਦੀ ਬਿਮਾਰੀ ਵਿਚ ਪਖਾਨੇ ਰਾਸਤੇ ਬਾਹਰ ਖੁਲਾ ਵਿਚ ਖੁਜਲੀ ਅਤੇ ਜਲਨ ਤੋਂ ਆਰਾਮ	£19
NURALACO (IN OINTMENT OR LOTION)	--- ਨਾੜਾਂ ਦੇ ਦਰਦ ਅਤੇ ਸਿਰ ਤੋਂ ਆਰਾਮ -----	£19
CHILLAGA (IN OINTMENT OR LOTION)	---ਠੰਢ ਕਾਰਣ ਹੋਣ ਹੋਣ ਵਾਲੀ ਚਮੜੀ ਉਤਲਾ ਚ ਦਰਦ ਤੇ ਸਿਰ ਤੋਂ ਆਰਾਮ	£19
ARNSTRA (IN OINTMENT)	------- ਚਰਬੀ, ਸੋਜ (SPHERE) ਚੁੰਨੀ ਸੋਟ ਨਾਲ ਹੋਏ ਜਖਮਾਂ ਜਾਂ (BED SORES) ਨੂੰ ਆਰਾਮ	£19
BELINFLA (IN OIL OR OINTMENT)	---ਠੰਡਾ, ਪੱਠਿਆਂ ਅਤੇ ਸੋਜਾਂ ਵਿਚ ਸਿਰ, ਲਾਗਲੇ ਤੇ ਖਿਚ ਦਰਦ ਨੂੰ ਆਰਾਮ	£19
BELULCE (IN OIL)	---- ਸੋਟ ਲੱਗਣ ਕਾਰਣ ਹੋਏ ULCERS ਅਤੇ ਜਖਮਾਂ ਨੂੰ ਆਰਾਮ ----------	£19
BRYJOIN (IN OIL)	-ਜੋੜ ਦਾ ਦਰਦਾ, ਵਾਧ ਚੋਟ ਨਾਲ ਗਲਤਫਹਮ ਵਿਚ ਅਤੇ ਜੋੜਾਂ 'ਚ ਅਕੜਾਹਟ ਨੂੰ ਆਰਾਮ -	£19
CALWOUN (IN OIL OR OINTMENT)	--- ਸੋਟ ਲਾਹਣ ਜਖਮਾਂ ਦੀ ਪੀਕ ਜਾ ਸਹਜ ਜਾਣ ਤੇ ਸਹਜ ਦਰਦਾ ਤੋਂ ਆਰਾਮ-	£19
BURCAN (IN LOTION OR OINTMENT)	-ਚਿਹਰੇ ਜੀ ਤਰ੍ਹਾ ਮਲਣ ਦੇ ਦਰਦਾ ਅਤੇ ਛਾਲਿਆਂ ਤੋਂ ਸੁਰੱਖਿਆ ਆਰਾਮ ---	£19
ROUTUM (IN OINTMENT)	– ਸਰੀਰ ਦੇ ਚਿਹਰੇ ਜੀ ਹਿੱਸੇ ਵਿਚ ਕਿਸਟੀਆਂ ਦੀ ਸਿਰ ਅਤੇ ਦਰਦਾ ਤੋਂ ਆਰਾਮ ----	£19
JOINRHU (IN OIL)	– ਜੋੜਾਂ ਦੇ ਦਰਦਾ, ਸਿਰ ਸੱਟਾਂ ਦਰਦਾ, ਚੰਨ ਪੈਣ ਅਤੇ ਕੋਲੇਜਨ ਪੱਠਿਆਂ ਦੀ ਸਿਰ ਤੋਂ ਆਰਾਮ-	£19
ASSSIL (IN LOTION)	-- ਕਿਸਟੀਆਂ ਜਾ ਛੋਟੇ ਪੱਠਾ ਤੇ ਜਖਮਾਂ ਬਣ ਜਾਣ ਦੀ ਹਾਲਤ ਵਿਚ ਸੁਰੱਖਿਆ ਆਰਾਮ ----	£19
ITCSUL (IN OIL)	---- ਸਰੀਰ ਉਤੇ ਕਿਸੇ ਵੀ ਤਰ੍ਹਾ ਦੀ ਖਾਰਸ਼ ਤੋਂ ਆਰਾਮ ----------	£19
WARTHU (IN OIL)	– ਹਰ ਤਰ੍ਹਾ ਦੇ ਮੁਸਕੜ, ਤਲ, ਸਪਰੇਅ ਜਾ ਚੋਗੀ ਦੇ ਫੁੱਲ ਵਰਗੇ ਮੁਹਾਸੇ (WARTS) ਤੋਂ ਆਰਾਮ ---	£19

* HOMOEOPATHIC HEALTH CLINIC ਦੇ ਨਾ 'ਤੇ ਹੋਰ ਹੋਮਿਓਪੈਥ ਆਰਯੁਰਵੇਦ ਵਾਲਾ ਫੀਲਡ ਚਲਾਈ ਬੈਠੇ ! (ਹਰ ਆਰਯੁਰਵੇਦ ਨਾਲ £10 ਹੋਮਿਓਪੈਥ ਤੋਂ ਹੋਮਿਓਪੈਥ ਮਰਜ਼ੀ)

ਹਰ ਤਰ੍ਹਾਂ ਦੇ ਲਿਸ਼ਕਾਂ ਅਤੇ ਉਮਰਾਂ ਨਾਲ ਸਰੀਰ 'ਚ ਪਏ ਨੁਕਸਾਂ ਤੋਂ ਮੁਕੰਮਲ ਛੁਟਕਾਰਾ ਪੱਕੇ ਸਮਾਰਯੁਰਵੇਦ ਲਈ ਫੋਨ ਕਰੋ

ALL INFORMATION IS KEPT STRICTLY CONFIDENTIAL

PLEASE MAKE AN APPOINTMENT: MANJEET SINGH KHANBA
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER.
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS
STRICTLY ON APPOINTMENTS

ਸੜਕ ਤੇ ਪਿਆ ਟੋਲ ਪਲਾਜ਼ਾ ਦਾ ਮਲਬਾ ਲੋਕਾਂ ਦੀ ਜਿੰਦਗੀ ਲਈ ਬਣ ਰਿਹੈ ਵੱਡਾ ਖਤਰਾ : ਹਰਮੀਤ ਸਿੰਘ ਸੰਧੂ

ਮਾਲੇਰਕੋਟਲਾ (ਕੁਲਵੰਤ ਸਿੰਘ ਮੁਹਾਲੀ) ਭਾਵੇਂ ਪੰਜਾਬ ਦੇ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਦੇ ਕਈ ਟੋਲ ਪਲਾਜ਼ੇ ਬੰਦ ਕਰ ਦਿੱਤੇ ਗਏ ਹਨ ਜਿਨ੍ਹਾਂ ਦੀ ਸੂਬੇ ਦੇ ਲੋਕਾਂ ਨੇ ਕਾਫੀ ਸ਼ਲਾਘਾ ਵੀ ਕੀਤੀ ਪਰ ਕਈ ਥਾਂ ਤੋਂ ਇਨ੍ਹਾਂ ਟੋਲ ਪਲਾਜ਼ਿਆ ਨੂੰ ਲਗਾਉਣ ਲਈ ਸੜਕਾਂ ਉਪਰ ਉਸਾਰੀ ਕਰਕੇ ਇੱਕ ਢਾਂਚਾ ਉਸਾਰਿਆ ਗਿਆ ਸੀ, ਜੋ ਕਿ ਕਈ ਸੜਕਾਂ ਉਪਰ ਅੱਜ ਵੀ ਉਸੇ ਤਰਾਂ ਖੜ੍ਹਾ ਹੈ ਜੋ ਸੜਕ ਹਾਦਸਿਆ ਨੂੰ ਵਾਪਰਨ ਦਾ ਕਾਰਨ ਬਣਦਾ ਹੈ ਜਿਸ ਨਾਲ ਬਹੁਤ ਸਾਰੀਆਂ ਕੀਮਤੀ ਜਾਨਾਂ ਅਜਾਈਂ ਜਾ ਰਹੀਆਂ ਹਨ। ਇਸੇ ਤਰਾਂ ਮਾਲੇਰਕੋਟਲਾ-ਨਾਭਾ ਰੋਡ ਤੇ ਲੱਗੇ ਮਾਹੌਰਾਣਾ ਟੋਲ ਪਲਾਜ਼ਾ ਨੂੰ ਵੀ ਭਾਵੇਂ ਸਰਕਾਰ ਵੱਲੋਂ ਪਿਛਲੇ

ਸਾਲ 4 ਅਗਸਤ 2024 ਨੂੰ ਬੰਦ ਤਾਂ ਕਰ ਦਿੱਤਾ ਗਿਆ ਹੈ ਪਰ ਉਸਨੂੰ ਸਾਲ 2019 ਵਿੱਚ ਇਸ ਟੋਲ ਨੂੰ ਲਗਾਉਣ ਵਾਲੀ ਸੁਪਰੀਮ ਕੰਪਨੀ ਵੱਲੋਂ ਸੜਕ ਉਪਰ ਕੀਤੀ ਗਈ ਉਸਾਰੀ ਦਾ ਕਾਫੀ ਹਿੱਸਾ ਅੱਜ ਵੀ ਉਸੇ ਤਰਾਂ ਖੜ੍ਹਾ ਹਾਦਸਿਆਂ ਨੂੰ ਸੱਦਾ ਦੇ ਰਿਹਾ ਹੈ। ਜਿਸਨੂੰ ਦੇਖ ਕੇ ਇੰਝ ਲੱਗ ਰਿਹਾ ਹੈ ਸਾਇਦ ਪ੍ਰਸ਼ਾਸਨ ਕਿਸੇ ਹਾਦਸੇ ਦੀ ਹੀ ਉਡੀਕ ਕਰ ਰਿਹਾ ਹੈ। ਇਸ ਮੌਕੇ ਉਥੋਂ ਲੰਘ ਰਹੇ ਨਭਕਿਰਨ ਐਗਰੋ ਇੰਡਸਟਰੀਜ਼ ਅਮਰਗੜ੍ਹ ਦੇ ਐਮ ਡੀ ਹਰਮੀਤ ਸਿੰਘ ਸੰਧੂ ਨੇ ਕਿਹਾ ਕਿ ਅੱਜਕਲ੍ਹ ਬਹੁਤ ਜਿਆਦਾ ਧੁੰਦ ਪੈਣ ਲੱਗ ਪਈ ਹੈ, ਜਿਸ ਕਾਰਨ ਕਿਸੇ ਵੇਲੇ ਵੀ ਇਸ ਮਲਬੇ ਕਾਰਨ ਸੜਕ ਉਪਰ ਭਿਆਨਕ ਹਾਦਸਾ ਵਾਪਰ ਸਕਦਾ ਜਿਸ ਕਾਰਨ ਕਿਸੇ ਦੀ ਜਾਨ ਵੀ ਜਾ ਸਕਦੀ ਹੈ, ਇਸ ਲਈ ਸਰਕਾਰ ਨੂੰ ਟੋਲ ਪਲਾਜ਼ੇ ਦੀ ਉਸਾਰੀ ਦੀ ਰਹਿੰਦ ਖੂੰਹਦ ਨੂੰ ਚੰਗੀ ਤਰਾਂ ਖ਼ਤਮ ਕਰਕੇ ਸੜਕ ਨੂੰ ਸਾਫ ਕਰਨਾ ਚਾਹੀਦਾ ਹੈ ਤਾਂ ਕਿ ਲੋਕਾਂ ਦੀ ਜਿੰਦਗੀ ਨੂੰ ਸੁਰੱਖਿਅਤ ਕੀਤਾ ਜਾ ਸਕੇ।

ਰੈੱਡ ਕਰਾਸ ਕੈਂਪ ਵਿੱਚ ਸਰਵਹਿੱਤਕਾਰੀ ਵਿੱਦਿਆ ਮੰਦਰ ਭੀਖੀ ਦੇ ਵਲੰਟੀਅਰਾਂ ਦਾ ਸ਼ਾਨਦਾਰ ਪ੍ਰਦਰਸ਼ਨ

ਭੀਖੀ (ਕਮਲ ਜਿੰਦਲ) ਰੈੱਡ ਕਰਾਸ ਸੁਸਾਇਟੀ ਪੰਜਾਬ ਵੱਲੋਂ ਮਿਤੀ 12 ਦਸੰਬਰ ਤੋਂ 14 ਦਸੰਬਰ ਤੱਕ ਭਾਈ ਘਨੱਈਆ ਜੀ ਦੀ ਯਾਦ ਨੂੰ ਸਮਰਪਿਤ ਸ਼੍ਰੀ ਗੁਰੂ ਗੋਬਿੰਦ ਸਿੰਘ ਵਿੱਦਿਆ ਮੰਦਰ ਰਤਵਾੜਾ ਸਾਹਿਬ (ਮੁਹਾਲੀ)ਵਿਖੇ ਤਿੰਨ ਰੋਜ਼ਾ ਰਾਜ ਪੱਧਰੀ ਕੈਂਪ ਲਗਾਇਆ ਗਿਆ। ਜਿਸ ਵਿੱਚ ਵੱਖ-ਵੱਖ ਸਕੂਲਾਂ, ਕਾਲਜਾਂ, ਅਤੇ ਯੂਨੀਵਰਸਿਟੀਆਂ ਦੇ ਵਲੰਟੀਅਰਾਂ ਨੇ ਭਾਗ ਲਿਆ। ਕੈਂਪ ਡਾਇਰੈਕਟਰ ਸ. ਅਮਰਜੀਤ ਸਿੰਘ ਦੀ ਅਗਵਾਈ ਵਿੱਚ ਲੱਗੇ ਇਸ ਕੈਂਪ ਵਿੱਚ ਵੱਖ-ਵੱਖ ਸੰਸਥਾਵਾਂ ਦੇ 250 ਦੇ ਲੱਗਭੱਗ ਵਲੰਟੀਅਰਾਂ ਨੇ ਭਾਗ ਲਿਆ। ਇਸ ਕੈਂਪ ਵਿੱਚ ਸਰਵਹਿੱਤਕਾਰੀ ਵਿੱਦਿਆ ਮੰਦਰ ਭੀਖੀ ਦੇ 14 ਵਿਦਿਆਰਥੀ ਸ.ਗੁਰਪ੍ਰੀਤ ਸਿੰਘ ਅਤੇ ਸ਼੍ਰੀਮਤੀ ਹੀਨਾ ਸ਼ਰਮਾ ਦੀ ਦੇਖ-ਰੇਖ ਹੇਠ ਸ਼ਾਮਿਲ ਹੋਏ । ਦੱਸਣਯੋਗ ਹੈ ਕਿ ਮਾਨਸਾ, ਬਠਿੰਡਾ, ਫਿਰੋਜ਼ਪੁਰ,ਪਟਿਆਲਾ ਆਦਿ ਜ਼ਿਲ੍ਹਿਆਂ ਵਿੱਚੋਂ ਕੇਵਲ ਸਰਵਹਿੱਤਕਾਰੀ ਵਿੱਦਿਆ ਮੰਦਰ ਭੀਖੀ ਦੇ ਬੱਚੇ ਹੀ ਇਸ ਕੈਂਪ ਦਾ ਹਿੱਸਾ ਬਣੇ। ਇਸ ਕੈਂਪ ਦੌਰਾਨ ਸੀਨੀਅਰ ਅਤੇ ਜੂਨੀਅਰ ਵਰਗ ਦੇ ਵੱਖ-ਵੱਖ ਈਵੈਂਟਸ ਦੇ ਮਕਾਬਲੇ ਕਰਵਾਏ ਗਏ।ਜੂਨੀਅਰ ਈਵੈਂਟਸ ਮੁਕਾਬਲਿਆਂ ਵਿੱਚ ਸਥਾਨਕ ਸਕੂਲ ਦੇ ਵਿਦਿਆਰਥੀਆਂ ਦਾ ਬਹੁਤ ਸ਼ਾਨਦਾਰ ਪ੍ਰਦਰਸ਼ਨ ਰਿਹਾ।

ਇਹਨਾਂ ਮੁਕਾਬਲਿਆਂ ਵਿੱਚ ਜਸ਼ਨਪ੍ਰੀਤ ਸਿੰਘ ਨੇ ਲਿਖਤੀ ਕੁਇੱਜ਼ ਮੁਕਾਬਲੇ ਵਿੱਚ ਤੀਸਰਾ,ਸਹਿਜਦੀਪ ਸਿੰਘ ਨੇ ਪੋਸਟਰ ਬਣਾਉਣ ਦੇ ਮੁਕਾਬਲੇ ਵਿੱਚ ਤੀਸਰਾ ਅਤੇ ਲੜਕਿਆਂ ਦੀ ਗਰੁੱਪ ਡਾਂਸ ਟੀਮ ਨੇ ਕੌਂਸੋਲੇਸ਼ਨ ਸਥਾਨ ਹਾਸਿਲ ਕੀਤਾ। ਸਵੇਰ ਦੀ ਸਭਾ ਵਿੱਚ ਸਕੂਲ ਪ੍ਰਿੰਸੀਪਲ ਡਾ. ਗਗਨਦੀਪ ਪਰਾਸ਼ਰ ਨੇ ਇਹਨਾਂ ਜੇਤੂ ਵਾਲੰਟੀਅਰਾਂ ਨੂੰ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਅਤੇ ਵਧਾਈ ਦਿੱਤੀ। ਇਸ ਮੌਕੇ ਆਪਣੇ ਸੰਬੋਧਨ ਦੌਰਾਨ ਉਹਨਾਂ ਕਿਹਾ ਕਿ ਸਕੂਲ ਵਿੱਚ ਚਾਰ ਤਰ੍ਹਾਂ ਦੀਆਂ ਯੂਨਿਟਾਂ ਬਹੁਤ ਸਰਗਰਮੀ ਨਾਲ ਕੰਮ ਰਹੀਆ ਹਨ। ਇਹਨਾਂ ਤੋਂ ਇਲਾਵਾ ਸਕੂਲ ਵੱਲੋਂ ਵੱਖ-ਵੱਖ ਤਰ੍ਹਾਂ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਸਾਰੇ ਵਿਦਿਆਰਥੀਆਂ ਨੂੰ ਇਹਨਾਂ ਮੁਕਾਬਲਿਆਂ ਵਿੱਚ ਵੱਧ-ਚੜ੍ਹ ਕੇ ਭਾਗ ਲੈਣਾ ਚਾਹੀਦਾ ਹੈ।ਅਜਿਹੇ ਮੁਕਾਬਲੇ ਸਾਡੀ ਸ਼ਖਸ਼ੀਅਤ ਦਾ ਬਹੁ-ਪੱਖੀ ਵਿਕਾਸ ਕਰਦੇ ਹਨ ਅਤੇ ਨੈਤਿਕ ਗੁਣਾਂ ਤੇ ਕਦਰਾਂ ਕੀਮਤਾਂ ਦਾ ਵੀ ਵਿਕਾਸ ਕਰਦੇ ਹਨ। ਸਕੂਲ ਵੱਲੋਂ ਮੁਹੱਈਆ ਕਰਵਾਏ ਜਾਂਦੇ ਇਸ ਪਲੇਟਫਾਰਮ ਦਾ ਵਿਦਿਆਰਥੀਆਂ ਨੂੰ ਵੱ ਤੋਂ ਵੱਧ ਲਾਭ ਉਠਾਉਣਾ ਚਾਹੀਦਾ ਹੈ। ਇਸ ਮੌਕੇ ਉਪ- ਪ੍ਰਿੰਸੀਪਲ ਸ੍ਰੀ ਹਰਸ਼ਦੇਵ ਅਤੇ ਸਮੂਹ ਸਟਾਫ ਹਾਜ਼ਰ ਸੀ।

ਨਰਸਰੀ ਦੀ ਲਾਪਰਵਾਹੀ ਨੇ ਨਿਗਲ ਲਈ ਮਾਸੂਮ ਧੀ ਦੀ ਜਾਨ

9 ਮਹੀਨੇ ਦੀ ਬੱਚੀ ਦੀ ਮੌਤ ਮਗ ਰੋਂ ਕੋਰੋਨਰ ਵੱਲੋਂ ਨਰਸਰੀ ਦੇ ਸਾਰੇ ਪ੍ਰਬੰਧ ਖੰਗਾਲਣ ਦੇ ਹੁਕਮ

ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)–: ਬਰਤਾਨੀਆ ਦੀ ਇੱਕ ਬੱਚਿਆਂ ਦੀ ਨਰਸਰੀ ਵਿੱਚ ਹੋਈ ਦਰਦਨਾਕ ਘਟਨਾ ਨੇ ਪੂਰੇ ਦੇਸ਼ ਨੂੰ ਝੰਝੋੜ ਕੇ ਰੱਖ ਦਿੱਤਾ ਹੈ। ਸਿਰਫ਼ 9 ਮਹੀਨੇ ਦੀ ਨਿੱਕੀ ਜਿਹੀ ਮਾਸੂਮ ਧੀ ਦੀ ਮੌਤ ਮਗਰੋਂ ਨਰਸਰੀ ਪ੍ਰਬੰਧ, ਸਟਾਫ਼ ਦੀ ਨਿਗਰਾਨੀ ਅਤੇ ਸਿਸਟਮ ਉੱਤੇ ਵੱਡੇ ਸਵਾਲ ਖੜੇ ਹੋ ਗਏ ਹਨ। ਮਿਲੀ ਜਾਣਕਾਰੀ ਅਨੁਸਾਰ ਮਾਸੂਮ ਬੱਚੀ ਨੂੰ ਮਾਪਿਆਂ ਵੱਲੋਂ ਰੋਜ਼ ਦੀ ਤਰ੍ਹਾਂ ਨਰਸਰੀ ਛੱਡਿਆ ਗਿਆ ਸੀ। ਕਿਸੇ ਨੂੰ ਇਹ ਅੰਦਾਜ਼ਾ ਨਹੀਂ ਸੀ ਕਿ ਇਹ ਉਸਦੀ ਜ਼ਿੰਦਗੀ ਦੀ ਆਖ਼ਰੀ ਸਵੇਰ ਸਾਬਤ ਹੋਵੇਗੀ। ਨਰਸਰੀ ਅੰਦਰ ਸਟਾਫ਼ ਦੀ ਅਣਗਹਿਲੀ ਅਤੇ ਢਿੱਲੇ ਪ੍ਰਬੰਧਾਂ ਕਾਰਨ ਇਹ ਭਿਆਨਕ ਘਟਨਾ ਵਾਪਰੀ। ਮਾਮਲੇ ਵਿੱਚ ਨਰਸਰੀ ਦੀ ਇੱਕ ਮਹਿਲਾ ਕਰਮਚਾਰੀ ਨੂੰ ਦੋਸ਼ੀ ਮੰਨਿਆ ਗਿਆ ਹੈ। ਜਾਂਚ ਦੌਰਾਨ ਉਸਨੇ ਕਬੂਲਿਆ ਕਿ ਉਹ ਅਕਸਰ ਬੱਚਿਆਂ ਨਾਲ

ਰੁੱਖਾ ਅਤੇ ਗਲਤ ਸਲੂਕ ਕਰਦੀ ਰਹੀ। ਇਸ ਖੁਲਾਸੇ ਨੇ ਨਰਸਰੀ ਦੇ ਅੰਦਰੂਨੀ ਮਾਹੌਲ ਨੂੰ ਸਵਾਲਾਂ ਦੇ ਘੇਰੇ ਵਿੱਚ ਲਿਆ ਖੜ੍ਹਾ ਕੀਤਾ ਹੈ।ਬੱਚੀ ਦੀ ਮੌਤ ਮਗਰੋਂ ਕੋਰੋਨਰ ਨੇ ਨਰਸਰੀ ਦੇ ਕੰਮਕਾਜ, ਕਰਮਚਾਰੀਆਂ ਦੀ ਡਿਊਟੀ ਪ੍ਰਣਾਲੀ ਅਤੇ ਬੱਚਿਆਂ ਦੀ ਸੁਰੱਖਿਆ ਨਾਲ ਜੁੜੇ ਪ੍ਰਬੰਧਾਂ ਦੀ ਪੂਰੀ ਜਾਂਚ ਦੇ ਹੁਕਮ ਜਾਰੀ ਕੀਤੇ ਹਨ। ਕੋਰੋਨਰ ਇਹ ਵੀ ਪਤਾ ਲਗਾਏਗਾ ਕਿ ਕੀ ਪਹਿਲਾਂ ਤੋਂ ਨਰਸਰੀ ਖ਼ਿਲਾਫ਼ ਕੋਈ ਸ਼ਿਕਾਇਤ ਦਰਜ ਹੋਈ ਸੀ ਜਾਂ ਨਹੀਂ।ਅਧਿਕਾਰੀਆਂ ਮੁਤਾਬਕ, ਇਸ ਮਾਮਲੇ ਦੀ ਪੂਰੀ ਸਰਕਾਰੀ ਇਨਕੁਐਸਟ ਅਗਲੇ ਸਾਲ ਕਰਵਾਈ ਜਾਵੇਗੀ। ਇਸ ਦੌਰਾਨ ਨਰਸਰੀ ਦੇ ਰਿਕਾਰਡ, ਕਰਮਚਾਰੀਆਂ ਦੀ ਟ੍ਰੇਨਿੰਗ ਅਤੇ ਸੀਸੀਟੀਵੀ ਫੁਟੇਜ ਦੀ ਜਾਂਚ ਕੀਤੀ ਜਾਵੇਗੀ।ਇਸ ਦਰਦਨਾਕ ਘਟਨਾ ਤੋਂ ਬਾਅਦ ਇਲਾਕੇ ਦੇ ਮਾਪਿਆਂ ਵਿੱਚ ਡਰ ਅਤੇ ਗੁੱਸਾ ਵੱਧ ਗਿਆ ਹੈ। ਮਾਪਿਆਂ ਦਾ ਕਹਿਣਾ ਹੈ ਕਿ ਉਹ ਆਪਣੇ ਨਿੱਕੇ ਬੱਚਿਆਂ ਨੂੰ ਪੂਰੇ ਭਰੋਸੇ ਨਾਲ ਨਰਸਰੀ ਵਿੱਚ ਛੱਡਦੇ ਹਨ, ਪਰ ਅਜਿਹੀਆਂ ਘਟਨਾਵਾਂ ਨਾਲ ਉਹ ਭਰੋਸਾ ਟੁੱਟ ਜਾਂਦਾ ਹੈ। ਲੋਕਾਂ ਅਤੇ ਸਮਾਜਕ ਜਥੇਬੰਦੀਆਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਨਰਸਰੀਆਂ ਉੱਤੇ ਨਿਗਰਾਨੀ ਹੋਰ ਸਖ਼ਤ ਕੀਤੀ ਜਾਵੇ ਅਤੇ ਲਾਪਰਵਾਹੀ ਕਰਨ ਵਾਲਿਆਂ ਖ਼ਿਲਾਫ਼ ਕੜੀ ਕਾਰਵਾਈ ਹੋਵੇ, ਤਾਂ ਜੋ ਅੱਗੇ ਤੋਂ ਕਿਸੇ ਹੋਰ ਮਾਂ ਦੀ ਗੋਦ ਨਾ ਉੱਜੜੇ।

ਕੇਨਜ਼ਿੰਗਟਨ ਪੈਲੇਸ ਵਿੱਚ ਕੰਮ ਕਰਦੇ ਮਾਲੀ ਦਾ ਚਾਕੂ ਮਾਰ ਕੇ ਕਤਲ

ਕਾਤਲ ਨੇ ਆਪ ਹੀ ਫੋਨ ਕਰ ਕੇ ਪੁਲਿਸ ਅੱਗੇ ਕੀਤਾ ਸਮਰਪਣ, ਅਦਾਲਤ ਵੱਲੋਂ 27 ਸਾਲ ਦੀ ਕੈਦ

ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)– ਬ੍ਰਿਟੇਨ ਦੇ ਮਸ਼ਹੂਰ ਕੇਨਜ਼ਿੰਗਟਨ ਪੈਲੇਸ ਵਿੱਚ ਕੰਮ ਕਰਦੇ ਇਕ ਮਾਲੀ ਦਾ ਬੇਰਹਿਮੀ ਨਾਲ ਕਤਲ ਕਰਨ ਦੇ ਮਾਮਲੇ ਵਿੱਚ ਅਦਾਲਤ ਨੇ ਦੋਸ਼ੀ ਨੂੰ 27 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਇਹ ਘਟਨਾ ਪੂਰੇ ਦੇਸ਼ ਵਿੱਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ 30 ਸਾਲਾ ਓਲੇਓਸੁੰਸਓ ਨਾਂ ਦੇ ਵਿਅਕਤੀ ਨੇ ਕੇਨਜ਼ਿੰਗਟਨ ਪੈਲੇਸ ਦੇ ਬਾਗਾਂ ਵਿੱਚ ਕੰਮ ਕਰਦੇ ਮਾਲੀ ਇਚੋਰਦਓ ਧਓਵਏ-ਅਨਨ ਛਲਓਰਕਏ ਨੂੰ ਚਾਕੂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ। ਘਟਨਾ ਨੂੰ ਅੰਜਾਮ ਦੇਣ ਮਗਰੋਂ ਦੋਸ਼ੀ ਖੁਦ ਹੀ ਗਹਿਰੇ ਅਫ਼ਸੋਸ ਵਿੱਚ ਆ ਗਿਆ। ਕਤਲ ਕਰਨ ਤੋਂ ਕੁਝ ਸਮੇਂ ਬਾਅਦ ਓਲੇਓਸੁੰਸਓ ਨੇ ਇੱਕ ਫੋਨ ਬਾਕਸ ਤੋਂ ਪੁਲਿਸ ਨੂੰ ਫ਼ੋਨ ਕਰਕੇ ਆਪਣਾ ਜੁਰਮ ਕਬੂਲ ਕੀਤਾ ਅਤੇ ਆਪਣੇ ਆਪ ਨੂੰ ਕਾਨੂੰਨ ਹਵਾਲੇ ਕਰ ਦਿੱਤਾ। ਪੁਲਿਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਅਦਾਲਤ ਵਿੱਚ ਸੁਣਵਾਈ ਦੌਰਾਨ ਸਾਹਮਣੇ ਆਇਆ ਕਿ ਦੋਸ਼ੀ ਨੇ ਗੁਨਾਹ ਕਰਨ ਮਗਰੋਂ ਕਿਸੇ ਵੀ ਤਰ੍ਹਾਂ ਭੱਜਣ ਦੀ ਕੋਸ਼ਿਸ਼ ਨਹੀਂ ਕੀਤੀ, ਸਗੋਂ ਉਸ ਨੇ ਆਪਣੇ ਜੁਰਮ ਦੀ ਜ਼ਿੰਮੇਵਾਰੀ ਸਵੀਕਾਰ ਕੀਤੀ। ਫਿਰ ਵੀ, ਅਦਾਲਤ ਨੇ ਕਿਹਾ ਕਿ ਇਹ ਇਕ ਬਹੁਤ ਹੀ ਗੰਭੀਰ ਅਤੇ ਨਿਰਦਈ ਅਪਰਾਧ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ

ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਅਦਾਲਤ ਨੇ ਸਾਰੇ ਸਬੂਤਾਂ ਅਤੇ ਗਵਾਹੀਆਂ ਦੇ ਆਧਾਰ 'ਤੇ ਓਲੇਓਸੁੰਸਓ ਨੂੰ 27 ਸਾਲ ਦੀ ਲੰਮੀ ਕੈਦ ਦੀ ਸਜ਼ਾ ਸੁਣਾਈ। ਜੱਜ ਨੇ ਆਪਣੇ ਫ਼ੈਸਲੇ ਵਿੱਚ ਕਿਹਾ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਸਮਾਜ ਵਿੱਚ ਡਰ ਅਤੇ ਅਸੁਰੱਖਿਆ ਦਾ ਮਾਹੌਲ ਪੈਦਾ ਕਰਦੀਆਂ ਹਨ।

ਜ਼ਿਕਰਯੋਗ ਹੈ ਕਿ ਕੇਨਜ਼ਿੰਗਟਨ ਪੈਲੇਸ ਬ੍ਰਿਟੇਨ ਦੀ ਸ਼ਾਹੀ ਪਰਿਵਾਰ ਨਾਲ ਜੁੜੀ ਇਕ ਮਹੱਤਵਪੂਰਨ ਥਾਂ ਹੈ, ਜਿਸ ਕਰਕੇ ਇਹ ਘਟਨਾ ਹੋਰ ਵੀ ਜ਼ਿਆਦਾ ਸੰਵੇਦਨਸ਼ੀਲ ਮੰਨੀ ਜਾ ਰਹੀ ਹੈ।ਇਸ ਹਾਦਸੇ ਨਾਲ ਮ੍ਰਿਤਕ ਦੇ ਪਰਿਵਾਰ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ, ਜਦਕਿ ਇਲਾਕੇ ਦੇ ਲੋਕਾਂ ਨੇ ਵੀ ਇਸ ਘਟਨਾ 'ਤੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ।

ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਉੱਤੇ ਯੂਰਪੀ ਯੂਨੀਅਨ ਨੂੰ ਖੁਸ਼ ਕਰਨ ਲਈ £6 ਬਿਲੀਅਨ ਉਡਾਉਣ ਦੇ ਦੋਸ਼

ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)- ਬਰਤਾਨੀਆ ਦੇ ਪ੍ਰਧਾਨ ਮੰਤਰੀ ਸਰ ਕੀਰ ਸਟਾਰਮਰ ਇੱਕ ਵਾਰ ਫਿਰ ਸਿਆਸੀ ਘੇਰੇ 'ਚ ਆ ਗਏ ਹਨ। ਵਿਰੋਧੀ ਧਿਰ ਅਤੇ ਬ੍ਰੈਕਜ਼ਿਟ ਦੇ ਹਮਾਇਤੀ ਆਗੂਆਂ ਨੇ ਉਨ੍ਹਾਂ ਉੱਤੇ ਦੋਸ਼ ਲਗਾਇਆ ਹੈ ਕਿ ਉਹ ਯੂਰਪੀ ਯੂਨੀਅਨ (ਓ) ਨਾਲ ਨੇੜੀ ਸਾਂਝ ਬਣਾਉਣ ਦੇ ਨਾਂ 'ਤੇ ਲਗਭਗ 6 ਬਿਲੀਅਨ ਪੌਂਡ ਦੀ ਰਕਮ ਬਰਬਾਦ ਕਰਨ ਜਾ ਰਹੇ ਹਨ, ਜੋ ਕਿ ਬ੍ਰੈਕਜ਼ਿਟ ਦੇ ਫੈਸਲੇ ਨੂੰ ਅਮਲ ਵਿਚੋਂ ਕੱਢਣ ਵਰਗਾ ਕਦਮ ਮੰਨਿਆ ਜਾ ਰਿਹਾ ਹੈ।

ਜਾਣਕਾਰੀ ਮੁਤਾਬਕ ਪ੍ਰਧਾਨ ਮੰਤਰੀ ਸਟਾਰਮਰ ਨੇ ਹਾਲ ਹੀ ਵਿੱਚ ਯੂਰਪੀ ਯੂਨੀਅਨ ਦੇ ਉੱਚ ਅਧਿਕਾਰੀਆਂ ਨਾਲ ਮੁਲਾਕਾਤਾਂ ਕਰ ਕੇ ਵਪਾਰ, ਸਿੱਖਿਆ, ਵਿਗਿਆਨਕ ਖੋਜ ਅਤੇ ਸੁਰੱਖਿਆ ਸਬੰਧੀ ਨਵੇਂ ਸਮਝੌਤਿਆਂ 'ਤੇ ਗੱਲਬਾਤ ਕੀਤੀ ਹੈ। ਦਾਅਵਾ ਕੀਤਾ ਜਾ ਰਿਹਾ ਹੈ ਕਿ ਇਨ੍ਹਾਂ ਸਮਝੌਤਿਆਂ ਤਹਿਤ ਬਰਤਾਨੀਆ ਨੂੰ ਯੂਰਪੀ ਯੂਨੀਅਨ ਦੇ ਕੁਝ ਫੰਡਾਂ ਵਿੱਚ ਮੁੜ ਹਿੱਸਾ ਪਾਉਣ ਲਈ ਭਾਰੀ ਰਕਮ ਅਦਾ ਕਰਨੀ ਪਵੇਗੀ। ਵਿਰੋਧੀ ਆਗੂਆਂ ਦਾ ਕਹਿਣਾ ਹੈ ਕਿ ਬਰਤਾਨੀਆ ਦੀ ਜਨਤਾ ਨੇ 2016 ਦੇ ਰੈਫਰੈਂਡਮ ਵਿੱਚ ਸਾਫ਼ ਤੌਰ 'ਤੇ ਬ੍ਰੈਕਜ਼ਿਟ ਦੇ ਹੱਕ ਵਿੱਚ ਵੋਟ ਪਾਈ ਸੀ, ਪਰ ਮੌਜੂਦਾ ਸਰਕਾਰ ਉਸ ਫੈਸਲੇ ਨੂੰ ਅਣਡਿੱਠਾ ਕਰਕੇ ਬਰੱਸਲਜ਼ ਨੂੰ ਰਾਜ਼ੀ ਕਰਨ ਦੇ ਰਾਹ ਪੈ ਗਈ ਹੈ। ਉਨ੍ਹਾਂ ਦਾ ਦੋਸ਼ ਹੈ ਕਿ ਇਹ ਪੈਸਾ ਦੇਸ਼ ਦੀ ਅਰਥਵਿਵਸਥਾ, ਸਿਹਤ ਸੇਵਾਵਾਂ ਅਤੇ ਮਹਿੰਗਾਈ ਨਾਲ ਜੂਝ ਰਹੀ ਆਮ ਜਨਤਾ ਉੱਤੇ ਖਰਚ ਹੋਣਾ ਚਾਹੀਦਾ ਸੀ। ਦੂਜੇ ਪਾਸੇ, ਪ੍ਰਧਾਨ ਮੰਤਰੀ ਕੀਰ ਸਟਾਰਮਰ ਅਤੇ ਲੇਬਰ ਪਾਰਟੀ ਨੇ ਇਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ ਖ਼ਾਰਜ ਕਰ ਦਿੱਤਾ ਹੈ। ਸਰਕਾਰ ਦਾ ਕਹਿਣਾ ਹੈ ਕਿ ਬਰਤਾਨੀਆ ਯੂਰਪੀ ਯੂਨੀਅਨ ਵਿੱਚ ਮੁੜ ਸ਼ਾਮਲ ਨਹੀਂ ਹੋ ਰਹੀ, ਸਗੋਂ ਸਿਰਫ਼ ਆਪਣੇ ਵਪਾਰਕ ਅਤੇ ਕੂਟਨੀਤਿਕ ਹਿੱਤਾਂ ਦੀ ਰੱਖਿਆ ਲਈ ਨੇੜੀ ਸਾਂਝ ਬਣਾਈ ਜਾ ਰਹੀ ਹੈ। ਸਰਕਾਰੀ ਬੁਲਾਰੇ ਮੁਤਾਬਕ ਇਸ ਨਾਲ ਨੌਕਰੀਆਂ ਵਧਣਗੀਆਂ, ਵਪਾਰ ਨੂੰ ਮਜ਼ਬੂਤੀ ਮਿਲੇਗੀ ਅਤੇ ਦੇਸ਼ ਦੀ ਅਰਥਵਿਵਸਥਾ ਨੂੰ ਲੰਮੇ ਸਮੇਂ ਵਿੱਚ ਫਾਇਦਾ ਹੋਵੇਗਾ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਯੂਰਪੀ ਯੂਨੀਅਨ ਨਾਲ ਰਿਸ਼ਤਿਆਂ ਨੂੰ ਲੈ ਕੇ ਬਰਤਾਨੀਆ ਦੀ ਸਿਆਸਤ ਵਿੱਚ ਮੁੜ ਤਣਾਅ ਪੈਦਾ ਹੋ ਰਿਹਾ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਇਹ ਮਸਲਾ ਸੰਸਦ ਵਿੱਚ ਵੱਡੀ ਬਹਿਸ ਦਾ ਰੂਪ ਧਾਰ ਸਕਦਾ ਹੈ।

ਪੋਜੇਵਾਲ ਜੋਨ ਤੋਂ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪਰਿਸ਼ਦ ਦੇ ਉਮੀਦਵਾਰ ਕਰਨਵੀਰ ਕਟਾਰੀਆ ਜੇਤੂ

ਕਰਨਵੀਰ ਕਟਾਰੀਆ 887 ਵੋਟਾਂ ਨਾਲ ਜਿੱਤੇ

ਬਲਾਚੌਰ /ਪੋਜੇਵਾਲ (ਜਤਿੰਦਰ ਪਾਲ ਸਿੰਘ ਕਲੇਰ) ਮੋਹਿਤ ਕੁਮਾਰ -ਪੰਜਾਬ ਦੇ ਵਿੱਚ 14 ਦਸੰਬਰ ਨੂੰ ਜ਼ਿਲਾ ਪਰਿਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਹੋਈਆਂ ਸਨ, ਤੇ ਇਸ ਚੋਣਾਂ ਦੇ ਵਿੱਚ 17 ਦਸੰਬਰ ਨੂੰ ਸਵੇਰ ਤੋਂ ਹੀ ਨਤੀਜੇ ਸਾਹਮਣੇ ਆਉਣ ਲੱਗ ਗਏ ਸਨ ਇਸ ਨਤੀਜੀਆਂ ਦੇ ਵਿੱਚ ਪੋਜੇਵਾਲ ਜੋਨ ਤੋਂ ਕਿਹੜਾ ਉਮੀਦਵਾਰ ਜੇਤੂ ਹੋਵੇਗਾ ਸਾਰੇ ਇੰਤਜ਼ਾਰ ਕਰ ਰਹੇ ਸਨ ਭਾਵੇਂ ਵੱਖ ਵੱਖ ਪਾਰਟੀਆਂ ਦੇ ਉਮੀਦਵਾਰ ਦਾਅਵਾ ਕਰ ਰਹੇ ਹਨ ਕਿ ਉਨ੍ਹਾਂ ਦੀ ਜਿੱਤ ਹੋਵੇਗੀ ਪਰ ਕਰਨਵੀਰ ਕਟਾਰੀਆ ਇਹ ਕਹਿੰਦੇ ਹੋਏ ਨਜ਼ਰ ਆ ਰਹੇ ਸਨ ਕਿ ਉਹ ਆਪ ਸਰਕਾਰ ਦੇ ਕੰਮਾਂ ਲਈ ਵੋਟ ਮੰਗ ਰਹੇ ਹਨ ਉਨ੍ਹਾਂ ਦਾਅਵਾ ਕੀਤਾ ਸੀ ਕਿ ਜਿੱਤ ਉਨ੍ਹਾਂ ਦੀ ਪੱਕੀ ਹੈ ਕਿਉਂਕਿ ਆਪ ਸਰਕਾਰ ਨੇ ਪੰਜਾਬ ਲਈ ਨੌਜਵਾਨਾਂ ਲਈ ਬਹੁਤ ਕੁਝ ਕੀਤਾ ਹੈ ਜਦੋਂ ਨਤੀਜੇ ਸਾਹਮਣੇ ਆਏ ਤਾਂ ਕਰਨਵੀਰ ਕਟਾਰੀਆ 887 ਵੋਟਾਂ ਨਾਲ ਜੇਤੂ ਰਹੇ ਉਹਨਾਂ ਨੂੰ ਜੇਤੂ ਐਲਾਨੇ ਜਾਣ ਤੋਂ ਬਾਅਦ ਪੂਰੇ ਬਲਾਚੌਰ ਹਲਕੇ ਦੇ ਵਿੱਚ ਕਾਫੀ ਆਮ ਆਦਮੀ ਪਾਰਟੀ ਵਰਕਰਾਂ ਅਤੇ ਸਮਰਥਕਾਂ ਦੇ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਇਸ ਮੌਕੇ ਹਲਕਾ ਵਿਧਾਇਕ ਸੰਤੋਸ਼ ਕਟਾਰੀਆ ਅਤੇ ਅਸ਼ੋਕ ਕਟਾਰੀਆ ਨੇ ਕਿਹਾ ਕਿ ਇਹ ਜਿੱਤ ਆਮ ਆਦਮੀ ਪਾਰਟੀ ਦੇ ਕੰਮਾਂ ਦੀ ਜਿੱਤ ਹੈ ਜਿਨ੍ਹਾਂ ਨੇ ਪੰਜਾਬ ਦੇ ਵਿਕਾਸ ਲਈ ਬਹੁਤ ਕੁਝ ਕੀਤਾ ਹੈ, ਉਹਨਾਂ ਕਿਹਾ ਕਿ ਮਾਨ ਦੀ ਸਰਕਾਰ ਨੇ ਪੰਜਾਬ ਦੇ ਵਿੱਚ ਕਈ ਪੜੇ ਲਿਖੇ ਨੌਜਵਾਨ ਨੂੰ ਰੋਜ਼ਗਾਰ ਦਿੱਤਾ ਹੈ, ਤੇ ਪੰਜਾਬ ਦੇ ਵਿੱਚ ਬਿਜਲੀ ਬਿਲਕੁਲ ਫਰੀ ਕਰ ਦਿੱਤੀ ਹੈ, ਅਤੇ ਪੰਜਾਬੀਆਂ ਦੀ ਸਹੂਲਤ ਲਈ ਸਰਕਾਰ ਨੇ ਹਮੇਸ਼ਾ ਆਪਣੀ ਵਚਨਬੱਧਤਾ ਦੁਹਰਾਈ ਹੈ ਇਸ ਮੌਕੇ ਕਰਨਵੀਰ ਕਟਾਰੀਆ ਨੇ ਲੋਕਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਉਨਾਂ ਨੂੰ ਜ਼ਿਲਾ ਪਰਿਸ਼ਦ ਵਜੋਂ ਚੁਣਿਆ ਹੈ, ਉਹਨਾਂ ਕਿਹਾ ਕਿ ਉਹ ਪੋਜੇਵਾਲ ਜੋਨ ਸਮੇਤ ਵੱਖ ਵੱਖ ਪਿੰਡਾਂ ਦੇ ਵਿਕਾਸ ਲਈ ਹਮੇਸ਼ਾ ਵਚਨਵੱਧ ਰਹਿਣਗੇ।

ਚੋਣਾਂ ਤੋਂ ਤੁਰੰਤ ਬਾਅਦ ਸੰਸਦ ਵਿੱਚ ਹੋਵੇਗਾ ਰਾਜੇ ਦਾ ਸੰਬੋਧਨ

ਸਰਕਾਰ ਅਗਲੇ ਦੌਰ ਦੀਆਂ ਨੀਤੀਆਂ ਕਰੇਗੀ ਸਪਸ਼ਟ

ਲੈਸਟਰ (ਇੰਗਲੈ(ਸੁਖਜਿੰਦਰ ਸਿੰਘ ਢੱਡੇ) ਬ੍ਰਿਟੇਨ ਦੀ ਸਿਆਸਤ ਵਿੱਚ ਅਹਿਮ ਮੰਨੀਆਂ ਜਾ ਰਹੀਆਂ ਚੋਣਾਂ ਤੋਂ ਬਾਅਦ ਨਵੀਂ ਸਰਕਾਰ ਵੱਲੋਂ ਆਪਣੇ ਅਗਲੇ ਕੰਮਕਾਜ ਦੀ ਰੂਪਰੇਖਾ ਤਿਆਰ ਕਰ ਲਈ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਬ੍ਰਿਟੇਨ ਦੇ ਰਾਜਾ ਕਿੰਗ ਚਾਰਲਜ਼ ਤੀਜਾ ਚੋਣਾਂ ਤੋਂ ਸਿਰਫ਼ ਕੁਝ ਦਿਨ ਬਾਅਦ ਸੰਸਦ ਵਿੱਚ ਆਪਣਾ ਰਵਾਇਤੀ King's Speech ਪੜ੍ਹੇਗਾ। ਬ੍ਰਿਟਿਸ਼ ਮੀਡੀਆ ਅਨੁਸਾਰ ਇਹ ਸੰਬੋਧਨ ਅਗਲੇ ਸਾਲ 12 ਜਾਂ 13 ਮਈ ਨੂੰ ਕਰਵਾਉਣ ਦੀ ਯੋਜਨਾ ਬਣਾਈ ਗਈ ਹੈ। ਧਿਆਨਯੋਗ ਹੈ ਕਿ ਬ੍ਰਿਟੇਨ ਵਿੱਚ ਸਥਾਨਕ ਅਤੇ ਹੋਰ ਮਹੱਤਵਪੂਰਨ ਚੋਣਾਂ 7 ਮਈ ਨੂੰ ਹੋਣ ਜਾ ਰਹੀਆਂ ਹਨ, ਜਿਸ ਤੋਂ ਤੁਰੰਤ ਬਾਅਦ ਸਰਕਾਰ ਆਪਣਾ ਅਗਲਾ ਐਜੰਡਾ ਲੋਕਾਂ ਸਾਹਮਣੇ ਰੱਖੇਗੀ। ਮੌਜੂਦਾ ਪ੍ਰਧਾਨ ਮੰਤਰੀ ਸਰ ਕੀਰ ਸਟਾਰਮਰ ਇਸ ਖਿਨਗ'ਸ ਸ਼ਪਏਏਚਚ ਰਾਹੀਂ ਆਪਣੀ ਸਰਕਾਰ ਦੇ ਅਗਲੇ ਪੜਾਅ ਦੀ ਸ਼ੁਰੂਆਤ ਕਰਨਗੇ। ਹਾਲਾਂਕਿ ਇਹ ਭਾਸ਼ਣ ਰਾਜਾ ਪੜ੍ਹਦਾ ਹੈ, ਪਰ ਇਸ ਦੀ ਤਿਆਰੀ ਸਰਕਾਰ ਵੱਲੋਂ ਕੀਤੀ ਜਾਂਦੀ ਹੈ। ਇਸ ਸੰਬੋਧਨ ਵਿੱਚ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਸਰਕਾਰ ਅਗਲੇ ਸਮੇਂ ਦੌਰਾਨ ਕਿਹੜੇ ਕਾਨੂੰਨ ਲਿਆਏਗੀ ਅਤੇ ਲੋਕਾਂ ਦੀ ਭਲਾਈ ਲਈ ਕਿਹੜੇ ਕਦਮ ਚੁੱਕੇ ਜਾਣਗੇ। ਰਾਜਨੀਤਕ ਜਾਣਕਾਰਾਂ ਦਾ ਕਹਿਣਾ ਹੈ ਕਿ ਇਸ ਵਾਰ ਦਾ ਖਿਨਗ'ਸ ਸ਼ਪਏਏਚਚ ਖਾਸ ਮਹੱਤਵ ਰੱਖਦਾ ਹੈ ਕਿਉਂਕਿ ਇਹ ਚੋਣਾਂ ਤੋਂ ਤੁਰੰਤ ਬਾਅਦ ਹੋ ਰਿਹਾ ਹੈ। ਇਸ ਵਿੱਚ ਮਹਿੰਗਾਈ 'ਤੇ ਕਾਬੂ ਪਾਉਣ, ਅਰਥਵਿਵਸਥਾ ਨੂੰ ਮਜ਼ਬੂਤ ਕਰਨ, ਸਿਹਤ ਸੇਵਾਵਾਂ ਸੁਧਾਰਨ, ਇਮੀਗ੍ਰੇਸ਼ਨ ਨੀਤੀ ਅਤੇ ਕਾਨੂੰਨ-ਵਿਵਸਥਾ ਵਰਗੇ ਅਹਿਮ ਮੁੱਦੇ ਸ਼ਾਮਲ ਹੋ ਸਕਦੇ ਹਨ। King's Speech ਬ੍ਰਿਟੇਨ ਦੀ ਸੰਸਦੀ ਪਰੰਪਰਾ ਦਾ ਅਹਿਮ ਹਿੱਸਾ ਹੈ। ਇਸ ਨਾਲ ਸੰਸਦ ਦਾ ਨਵਾਂ ਅਧਿਵੇਸ਼ਨ ਸ਼ੁਰੂ ਹੁੰਦਾ ਹੈ ਅਤੇ ਸਰਕਾਰ ਦੀਆਂ ਤਰਜੀਹਾਂ ਸਾਫ਼ ਤੌਰ 'ਤੇ ਸਾਹਮਣੇ ਆ ਜਾਂਦੀਆਂ ਹਨ। ਪਿੰਡਾਂ ਤੋਂ ਲੈ ਕੇ ਸ਼ਹਿਰਾਂ ਤੱਕ ਆਮ ਲੋਕ ਇਸ ਸੰਬੋਧਨ ਨੂੰ ਧਿਆਨ ਨਾਲ ਸੁਣਦੇ ਹਨ, ਕਿਉਂਕਿ ਇਸ ਨਾਲ ਉਨ੍ਹਾਂ ਨੂੰ ਆਉਣ ਵਾਲੇ ਸਮੇਂ ਦੀ ਸਿਆਸੀ ਦਿਸ਼ਾ ਦਾ ਅੰਦਾਜ਼ਾ ਲੱਗਦਾ ਹੈ। ਰਾਜਾ ਚਾਰਲਜ਼ ਤੀਜੇ ਦਾ ਇਹ ਸੰਬੋਧਨ ਉਸ ਸਮੇਂ ਹੋਵੇਗਾ ਜਦੋਂ ਦੇਸ਼ ਦੀ ਸਿਆਸਤ ਨਵੇਂ ਮੋੜ 'ਤੇ ਖੜੀ ਹੋਵੇਗੀ। ਚੋਣਾਂ ਦੇ ਨਤੀਜੇ ਜੋ ਵੀ ਹੋਣ, ਇਹ ਖਿਨਗ'ਸ ਸ਼ਪਏਏਚਚ ਬ੍ਰਿਟੇਨ ਦੀ ਅਗਲੀ ਸਿਆਸੀ ਦਿਸ਼ਾ ਤੈਅ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗੀ।

ਬਸਪਾ ਪ੍ਰਤੀ ਮੀਡੀਆ ਦਾ ਪੱਖਪਾਤੀ ਰਵੱਈਆ ਅਤਿ ਨਿੰਦਣਯੋਗ- ਲਾਲ ਸਿੰਘ ਸੁਲਹਾਣੀ

ਬਹੁਜਨ ਸਮਾਜ ਪਾਰਟੀ ਪੰਜਾਬ ਵਲੋਂ ਪੰਜਾਬ ਸੰਭਾਲੋ ਮੁਹਿੰਮ ਤਹਿਤ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਪ੍ਰਧਾਨ ਬਸਪਾ ਪੰਜਾਬ ਦੀ ਗਤੀਸ਼ੀਲ ਅਗਵਾਈ ਵਿਚ ਬਸਪਾ ਨੇ ਪੰਚਾਇਤ ਸੰਮਤੀ ਚੋਣਾਂ ਦੌਰਾਨ 40 ਬਲਾਕ ਸੰਮਤੀ ਸੀਟਾਂ ਅਤੇ 5 ਜ਼ਿਲ੍ਹਾ ਪ੍ਰੀਸ਼ਦ ਸੀਟਾਂ ਜਿੱਤ ਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ ਹੈ। ਪਰ ਪੰਜਾਬ ਦੇ ਮਨੂਵਾਦੀ ਮੀਡੀਏ ਵਲੋਂ ਆਪਣੀ ਸੌੜੀ ਮਾਨਸਿਕਤਾ ਦਾ ਪ੍ਰਗਟਾਵਾ ਕਰਦਿਆਂ ਬਸਪਾ ਨੂੰ ਲਗਾਤਾਰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ। ਕੌਮੀ ਪੱਧਰ ਦੀ ਤੀਜੀ ਵੱਡੀ ਪਾਰਟੀ ਬਸਪਾ ਬਾਰੇ ਇਹ ਪੱਖਪਾਤੀ ਵਰਤਾਰਾ ਅਤਿ ਨਿੰਦਣਯੋਗ ਹੈ।

ਲਾਲ ਸਿੰਘ ਸੁਲਹਾਣੀ
ਜਰਨਲ ਸਕੱਤਰ ਬਸਪਾ ਪੰਜਾਬ

ਇਲਾਕਾ ਸੰਘਣੀ ਧੁੰਦ ਦੀ ਲਪੇਟ 'ਚ, ਜਨਜੀਵਨ ਹੋਣ ਲੱਗਾ ਪ੍ਰਭਾਵਿਤ, ਵਿਜੀਬਿਲਟੀ ਸਿਰਫ 50 ਮੀ ਤੱਕ



ਨਵਾਂਸ਼ਹਿਰ /ਕਾਠਗੜ੍ਹ, (ਜਤਿੰਦਰ ਪਾਲ ਸਿੰਘ)– ਠੰਢ ਵੱਧਣ ਦੇ ਨਾਲ ਹੀ ਪੰਜਾਬ ਵਿੱਚ ਧੁੰਦ ਵੀ ਖਤਰਨਾਕ ਰੂਪ ਧਾਰਨ ਚੁੱਕੀ ਹੈ। ਵੀਰਵਾਰ ਸਵੇਰ ਤੋਂ ਹੀ ਇਲਾਕੇ ਵਿੱਚ ਸੰਘਣੀ ਧੁੰਦ ਛਾ ਗਈ ਜਿਸ ਦੇ ਚਲਦਿਆਂ ਜਿੱਥੇ ਆਮ ਜਨ ਜੀਵਨ ਪ੍ਰਭਾਵਿਤ ਹੋਣ ਲੱਗਾ ਉਥੇ ਹੀ ਸੜਕੀ ਆਵਾਜਾਈ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਣ ਲੱਗ ਪਈ। ਮੌਸਮ ਵਿਭਾਗ ਵਲੋਂ ਧੁੰਦ ਨੂੰ ਲੈ ਕੇ ਓਰੇਂਜ ਅਤੇ ਕੁੱਝ ਇਲਾਕਿਆਂ 'ਚ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਸੰਘਣੀ ਧੁੰਦ ਨਾਲ ਵਿਜੀਬਿਲਟੀ ਸਿਰਫ 50 ਮੀਟਰ ਤੱਕ ਹੀ ਰਹਿ ਗਈ ਜਿਸ ਨਾਲ ਜਿੱਥੇ ਮਾਰਗਾਂ ਤੇ ਆਮ ਵਾਹਨ ਲਾਈਟਾਂ ਜਗਾ ਕੇ ਹੌਲੀ ਚਲਦੇ ਨਜ਼ਰ ਆਏ ਉੱਥੇ ਹੀ ਰੇਲ ਗੱਡੀਆਂ ਵੀ ਦੇਰੀ ਨਾਲ ਚੱਲਣ ਦੀ ਜਾਣਕਾਰੀ ਮਿਲੀ ਹੈ। ਡਿਊਟੀਆਂ ਅਤੇ ਹੋਰ ਕੰਮਾਂ ਕਾਰਾਂ ਨੂੰ ਜਾਣ ਵਾਲੇ ਕਰਮਚਾਰੀ ਤੇ ਸਕੂਲਾਂ ਨੂੰ ਜਾਣ ਵਾਲੇ ਵਿਦਿਆਰਥੀਆਂ ਤੇ ਸਕੂਲੀ ਵਾਹਨ ਚਾਲਕਾਂ ਨੂੰ ਸੰਘਣੀ ਧੁੰਦ ਕਾਰਨ ਕੁੱਝ ਲੇਟ ਲਤੀਫੀ ਦਾ ਸਾਹਮਣਾ ਕਰਨਾ ਪਿਆ। ਸਵੇਰ ਵੇਲੇ ਐਨੀ ਸੰਘਣੀ ਧੁੰਦ ਸੀ ਕਿ ਸਾਰੇ ਵਾਹਨ ਚਾਲਕ ਧੀਮੀ ਗਤੀ ਨਾਲ ਲਾਈਟਾਂ ਜਗ ਕੇ ਆਪਣੀ ਮੰਜ਼ਿਲ ਵੱਲ ਵੱਧ ਰਹੇ ਸਨ। ਹਵਾ ਵਿੱਚ ਨਮੀ ਦੀ ਮਾਤਰਾ ਵਧਣ ਨਾਲ ਠਿਠੁਰਨ ਵੱਧ ਸੀ। ਧੁੰਦ ਕਾਰਨ ਵਧੀ ਠੰਡ ਨੇ ਲੋਕਾਂ ਨੂੰ ਗਰਮ ਕੱਪੜੇ, ਜੈਕਟਾਂ ਆਦਿ ਤੇ ਹੱਥਾਂ ਵਿੱਚ ਦਸਤਾਨੇ ਪਹਿਨਣ ਲਈ ਮਜਬੂਰ ਹੋਣਾ ਪਿਆ। ਠੰਡ ਤੋਂ ਕੁੱਝ ਰਾਹਤ ਪਾਉਣ ਲਈ ਕਈ ਥਾਵਾਂ 'ਤੇ ਲੋਕ ਅੱਗ ਬਾਲ ਕੇ ਸੇਕਦੇ ਦੇਖੇ ਗਏ। ਆਉਣ ਵਾਲੇ ਦਿਨਾਂ ਵਿੱਚ ਠੰਡ ਦਾ ਪ੍ਰਕੋਪ ਹੋਰ ਵੱਧਣ ਦੀ ਸੰਭਾਵਨਾ ਹੈ। ਮਾਹਿਰ ਡਾਕਟਰਾਂ ਨੇ ਲੋਕਾਂ ਨੂੰ ਸਿਹਤ ਸਬੰਧੀ ਸਾਵਧਾਨੀਆਂ ਵਰਤਣ ਲਈ ਅਪੀਲ ਕੀਤੀ ਹੈ। ਦੂਜੇ ਪਾਸੇ ਜੇਕਰ ਗੱਲ ਕਰੀਏ ਤਾਂ ਠੰਡ ਨਾਲ ਕਣਕ ਦੀ ਫਸਲ ਨੂੰ ਕਾਫੀ ਲਾਭ ਹੋਵੇਗਾ।

2027 ਦੇ ਸੈਮੀਫਾਈਨਲ ਦੇ ਆ ਗਏ ਨਤੀਜੇ...

ਬਲਬੀਰ ਸਿੰਘ ਬੱਬੀ

ਸਮੁੱਚੇ ਪੰਜਾਬ ਦੇ ਵਿੱਚ ਹੋਈਆਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਦੇ ਨਤੀਜੇ ਅੱਜ ਆ ਗਏ ਹਨ ਚਾਹੀਦਾ ਤਾਂ ਇਹ ਸੀ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਜੋ ਪੰਜਾਬ ਵਿੱਚ ਚੱਲ ਰਹੀ ਹੈ ਉਸ ਨੂੰ ਸਮੇਂ ਅਨੁਸਾਰ ਹੀ ਇਹ ਬਲਾਕ ਸੰਮਤੀ ਜਿਲਾ ਪਰਿਸ਼ਦ ਚੋਣਾਂ ਕਰਵਾਉਣੀਆਂ ਚਾਹੀਦੀਆਂ ਸਨ ਪਰ ਸਰਕਾਰ ਨੇ ਬਹੁਤ ਲੇਟ ਕਰ ਦਿੱਤੀਆਂ। ਅਖੀਰਲੇ ਸਾਲ ਵਿੱਚ ਆ ਕੇ ਕਰਵਾਈਆਂ ਜਦੋਂ ਇਹਨਾਂ ਪਾਰਟੀਆਂ ਦਾ ਚੋਣ ਪ੍ਰਚਾਰ ਪੰਜਾਬ ਵਿੱਚ ਚੱਲ ਰਿਹਾ ਸੀ ਤਾਂ ਪੰਜਾਬ ਨਾਲ ਸੰਬੰਧਿਤ ਸਾਰੀਆਂ ਹੀ ਰਾਜਨੀਤਿਕ ਪਾਰਟੀਆਂ ਦੇ ਵੱਡੇ ਛੋਟੇ ਆਗੂ ਆਪਣੇ ਪ੍ਰਚਾਰ ਦੌਰਾਨ ਇਹ ਗੱਲ ਕਰਦੇ ਸਨ ਕਿ 2027 ਵਿੱਚ ਜੋ ਪੰਜਾਬ ਵਿਧਾਨ ਸਭਾ ਚੋਣਾਂ ਆਉਣੀਆਂ ਹਨ ਉਸ ਤੋਂ ਪਹਿਲਾਂ ਇਹ ਚੋਣਾਂ ਉਹਨਾਂ ਦਾ ਸੈਮੀ ਫਾਈਨਲ ਹਨ ਸੋ ਸੈਮੀਫਾਈਲ ਦੇ ਨਤੀਜੇ ਸਾਹਮਣੇ ਆ ਗਏ ਹਨ ਇਸ ਸੈਮੀਫਾਈਨਲ ਅਨੁਸਾਰ ਤਾਂ ਪੰਜਾਬ ਦੇ ਲੋਕ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਤੋਂ ਖੁਸ਼ ਨਹੀਂ ਹਨ ਜੇਕਰ ਪਿਛਲੇ ਸਮੇਂ ਵਿੱਚ ਪੰਜਾਬ ਸਰਕਾਰ ਨੇ ਚੋਣਾਂ ਦੇ ਪਹਿਲੇ ਦਿਨ ਤੋਂ ਹੀ ਧੱਕੇਸ਼ਾਹੀ ਨਾ ਕੀਤੀ ਹੁੰਦੀ ਤਾਂ ਜ਼ੋ ਨਤੀਜੇ ਸਾਹਮਣੇ ਆਏ ਹਨ ਉਹਨਾਂ ਵਿੱਚ ਹੋਰ ਵੀ ਫ਼ਰਕ ਹੋਣਾ ਸੀ। ਸੈਮੀ ਫਾਈਨਲ ਦੇ ਵਿੱਚ ਪੰਜਾਬ ਸਰਕਾਰ ਦੇ ਨਾਲ ਲੜਨ ਲਈ ਅਕਾਲੀ ਤੇ ਕਾਂਗਰਸੀ ਦੋਵੇਂ ਅੱਗੇ ਹਨ ਭਾਜਪਾ ਦਾ ਪਿੰਡਾਂ ਵਿੱਚ ਜੋ ਹਸ਼ਰ ਹੈ ਉਹ ਸਾਹਮਣੇ ਆ ਹੀ ਗਿਆ ਅਕਾਲੀ ਦਲ ਨੇ ਪੰਜਾਬ ਦੇ ਸਿਆਸੀ ਮੰਚ ਉੱਤੇ ਮੁੜ ਝੰਡਾ ਗੱਡ ਦਿੱਤਾ ਹੈ। ਉਸ ਤੋਂ ਬਾਅਦ ਕਾਂਗਰਸ ਤੇ ਬਾਕੀ ਪਾਰਟੀਆਂ ਦਾ ਫਾਈਨਲ ਮੈਚ ਉੱਤੇ ਹੀ ਪਤਾ ਲੱਗੇਗਾ।

ਇੰਦਰਪਾਲ ਕੌਰ ਨੇ ਜਿੱਤੇ ਇੱਕ ਸਿਲਵਰ ਤੇ ਇੱਕ ਬ੍ਰਾਜ਼ ਮੈਡਲ

ਜਲਪਾਈਗੁੜੀ, (ਰੋਮੀ ਘੜਾਮਾਂ): ਬੰਗਾਲ ਦੇ ਸ਼ਹਿਰ ਜਲਪਾਈਗੁੜੀ ਵਿਖੇ 'ਜਲਪਾਈਗੁੜੀ ਡਿਸਟ੍ਰਿਕ ਕਮੇਟੀ' ਵੱਲੋਂ 12 ਤੋਂ 14 ਦਸੰਬਰ ਤੱਕ 40ਵੀਂ ਸਟੇਟ ਮਾਸਟਰਸ ਅਥਲੈਟਿਕਸ ਚੈਂਪੀਅਨਸ਼ਿਪ: 2025 ਸਫ਼ਲਤਾਪੂਰਵਕ ਕਰਵਾਈ ਗਈ। ਜਿੱਥੇ ਬੰਗਾਲ ਸੂਬੇ ਦੇ ਵੱਖੋ-ਵੱਖ ਜਿਲ੍ਹਿਆਂ ਤੋਂ ਆਏ ਮਾਸਟਰ ਖਿਡਾਰੀਆਂ ਨੇ ਖੂਬ ਜੋਹਰ ਵਿਖਾਏ। ਇਸੇ ਦੌਰਾਨ ਕਲਕੱਤਾ ਦੀ ਵਸਨੀਕ ਇੰਦਰਪਾਲ ਕੌਰ ਸੁਪਤਨੀ ਜਗਰੂਪ ਸਿੰਘ ਨੇ ਸ਼ਾਟ-ਪੁੱਟ ਵਿੱਚ ਸਿਲਵਰ ਅਤੇ ਡਿਸਕਸ-ਥ੍ਰੋਅ 'ਚ ਬ੍ਰਾਜ਼ ਮੈਡਲ ਜਿੱਤ ਕੇ ਆਪਣੇ ਜਿਲ੍ਹੇ ਦਾ ਨਾਮ ਰੋਸ਼ਨ ਕੀਤਾ। ਜਿਕਰਯੋਗ ਹੈ ਕਿ ਮੂਲ ਰੂਪ ਵਿੱਚ ਪੰਜਾਬ ਦੇ ਜਿਲ੍ਹਾ ਲੁਧਿਆਣਾ ਨੇੜਲੇ ਕਸਬੇ ਹਲਵਾਰਾ ਦੀ ਇੰਦਰਪਾਲ ਕੌਰ ਪਹਿਲਾਂ ਵੀ ਸਟੇਟ, ਨੈਸ਼ਨਲ ਅਤੇ ਇੰਟਰਨੈਸ਼ਨਲ ਪੱਧਰ 'ਤੇ ਦਰਜਣਾਂ ਹੀ ਮੈਡਲ ਜਿੱਤ ਚੁੱਕੀ ਹੈ।

ਹੁਣ ਸ਼ੰਕਰਾਂ ਨੰਦ ਵੱਲੋਂ ਲਗਾਏ ਜਾ ਰਹੇ ਲੰਗਰ ਉੱਤੇ ਵਿਵਾਦ ਉੱਠਿਆ

ਲੁਧਿਆਣਾ/ਬਲਬੀਰ ਸਿੰਘ ਬੱਬੀ ਜਿਲਾ ਲੁਧਿਆਣਾ ਦੇ ਮੱਲਾਪੁਰ ਇਲਾਕੇ ਨਾਲ ਸੰਬੰਧਿਤ ਤਲਵੰਡੀ ਪਿੰਡ ਵਿੱਚ ਗੰਗਾ ਨੰਦ ਭੂਰੀ ਵਾਲੇ ਮਹਾਂਪੁਰਸ਼ਾਂ ਨਾਲ ਸੰਬੰਧਿਤ ਪੁਰਾਤਨ ਡੇਰਾ ਹੈ ਜਿਸ ਉੱਪਰ ਗਲਤ ਤਰੀਕੇ ਦੇ ਨਾਲ ਸ਼ੰਕਰਾਨੰਦ ਕਾਬਜ਼ ਹੋ ਗਿਆ ਉਸ ਨੇ ਪਹਿਲਾਂ ਵੀ ਬਹੁਤ ਆਪ ਹੁਦਰੀਆਂ ਕੀਤੀਆਂ ਹਨ ਪਿਛਲੇ ਸਮੇਂ ਦੇ ਵਿੱਚ ਆਪਣੀਆਂ ਹੀ ਸ਼ਰਧਾਲੂ ਔਰਤਾਂ ਨੂੰ ਬਲੈਕਮੇਲ ਕਰਕੇ ਉਹਨਾਂ ਦੇ ਨਾਲ ਨਗਨ ਅਵਸਥਾ ਵਿੱਚ ਗਲਤ ਕੰਮ ਕਰ ਰਹੇ ਸੰਕਰਾ ਨੰਦ ਦੀਆਂ ਵੀਡੀਓਜ ਆਦਿ ਵਾਇਰਲ ਹੋਈਆਂ ਸਨ। ਜਿਸ ਦੇ ਵਿਰੁੱਧ ਮੁੱਲਾਂਪੁਰ ਦਾਖਾ ਲੁਧਿਆਣਾ ਚੰਡੀਗੜ੍ਹ ਵਿੱਚ ਪੁਲਿਸ ਤੇ ਅਦਾਲਤੀ ਕਾਰਵਾਈ ਚੱਲ ਰਹੀ ਹੈ ਉਸੇ ਵੇਲੇ ਤੋਂ ਹੀ ਸ਼ੰਕਰ ਫਰਾਰ ਚੱਲਿਆ ਆ ਰਿਹਾ ਹੈ ਅਦਾਲਤੀ ਕੇਸ ਚੱਲ ਰਹੇ ਹਨ ਅਸੀਂ ਇਲਾਕੇ ਦੀ ਲੋਕਾਂ ਦੇ ਸਹਿਯੋਗ ਨਾਲ ਐਕਸ਼ਨ ਕਮੇਟੀ ਬਣਾ ਕੇ ਸ਼ੰਕਰਾਨੰਦ ਖਿਲਾਫ ਕਾਰਵਾਈ ਲੰਬੇ ਸਮੇਂ ਤੋਂ ਆਰੰਭੀ ਹੋਈ ਹੈ ਜੋ ਜਾਰੀ ਹੈ ਤੇ ਜਾਰੀ ਰਹੇਗੀ ਪਰ ਹੁਣ ਇਸ ਸਾਧ ਦੇ ਚੇਲਿਆਂ ਬਾਲਕਿਆ ਚਾਟੜਿਆਂ ਸਲਾਰੂਆ ਵਲੋਂ ਅਖੌਤੀ ਸ਼ੰਕਰਾ ਨੰਦ ਨੂੰ ਪ੍ਰਮੋਟ ਕਰਨ ਲਈ ਸ਼ਹੀਦਾਂ ਦੇ ਇਤਿਹਾਸਿਕ ਧਰਤੀ ਸ੍ਰੀ ਫਤਿਹਗੜ੍ਹ ਸਾਹਿਬ ਦੇ ਵਿੱਚ ਸੰਗਤ ਨੂੰ ਗੁੰਮਰਾਹ ਕਰਨ ਲਈ ਲੰਗਰਾਂ ਦੇ ਨਾਂ ਹੇਠ ਪਾਖੰਡ ਚਲਾਇਆ ਜਾ ਰਿਹਾ ਹੈ। ਅਜੇ ਪਖੰਡੀਆਂ ਦੇ ਲੰਗਰਾਂ ਨੂੰ ਨਾਂ ਲਾਉਣ ਸਬੰਧੀ ਹਲਕਾ ਦਾਖਾ ਡੀ ਐਸ ਪੀ ਵਰਿੰਦਰ ਸਿੰਘ ਖੋਸਾ ਨੂੰ ਦਰਖ਼ਾਸਤ ਅਤੇ ਗੁਰਦੁਆਰਾ ਫਤਹਿਗੜ੍ਹ ਸਾਹਿਬ ਜੀ ਦੇ ਮੈਨੇਜਰ ਅਤੇ ਸ਼੍ਰੋਮਣੀ ਕਮੇਟੀ ਦੇ ਦਫਤਰ ਅੰਮ੍ਰਿਤਸਰ ਅਤੇ ਫਤਹਿਗੜ੍ਹ ਸਾਹਿਬ ਦੇ ਪ੍ਰਸ਼ਾਸਨ ਨੂੰ ਜਾਣੂ ਕਰਵਾਇਆ ਗਿਆ। ਇਹਨਾਂ ਦੇ ਲੰਗਰ ਸੰਗਤਾਂ ਨੂੰ ਪ੍ਰਵਾਨ ਨਹੀਂ ਕਰਦੇ ਨਾਂ ਹੀ ਤਲਵੰਡੀ ਖੁਰਦ ਪਿੰਡ ਆਗਿਆ ਦਿੰਦਾ ਹੈ ਨਾ ਹੀ ਲੰਗਰਾਂ ਵਿੱਚ ਸ਼ਾਮਲ ਹਨ ਇਸ ਲਈ ਸਖ਼ਤ ਤਾੜਨਾ ਕਰਦੇ ਹੋਏ ਬੇਅੰਤ ਸੰਗਤਾਂ ਦੇ ਵਲੋਂ ਵਿਰੋਧ ਕੀਤਾ ਜਾ ਰਿਹਾ ਹੈ ਅਤੇ ਹੋਰ ਸਮਾਜ ਸੇਵੀ ਸੰਸਥਾਵਾਂ ਦਾਨੀ ਸੱਜਣ ਸੁਚੇਤ ਰਹਿਣ ਅਤੇ ਧਾਰਮਿਕ ਪ੍ਰਚਾਰਕ ਜੱਥੇਬੰਦੀਆਂ ਵੱਲੋਂ ਵਿਰੋਧ ਕੀਤਾ ਜਾਵੇਗਾ।

ਇਹ ਜਾਣਕਾਰੀ ਸ਼ੰਕਰਾਨੰਦ ਦੀਆਂ ਕਰਤੂਤਾਂ ਵਿਰੁੱਧ ਤਲਵੰਡੀ ਇਲਾਕੇ ਦੀ ਬਣੀ ਐਕਸ਼ਨ ਕਮੇਟੀ ਦੇ ਮੈਂਬਰਾਂ ਨੇ ਦਿੱਤੀ।

Asim Munir's Difficult Choice: Between Trump and Pakistan's Streets

SAMAJ WEEKLY UK

Pakistan's top military leader, Field Marshal Asim Munir, faces one of the toughest decisions of his career. President Trump wants Pakistani troops to help stabilize Gaza as part of his Middle East peace plan. Munir is expected to travel to Washington soon to discuss this request. The problem is simple but serious: saying yes could damage him at home, but saying no could harm Pakistan's relationship with America.

The American Pressure

Trump has proposed a twenty-point plan for Gaza that includes having Muslim countries send peacekeeping troops to oversee reconstruction. Pakistan, with its large and experienced military, is an obvious candidate. Trump and Munir have developed a close working relationship. In fact, Munir made history by being the first Pakistani army chief to have a private lunch with an American president at the White House. That meeting happened in June, and it showed how much Trump values this connection.

For Pakistan, keeping Trump happy matters. The country desperately needs American investment and security assistance. Disappointing Trump now, when the relationship seems strong, could cost Pakistan dearly in the years ahead. From a strategic viewpoint, contributing troops makes sense for maintaining this important partnership.

The Danger at Home

But back in Pakistan, sending troops to Gaza would likely trigger fierce opposition. Critics would immediately accuse Munir of helping Israel and betraying the Palestinian cause. This is not an empty threat. Pakistan has powerful Islamist political parties that can bring thousands of protesters into the streets. These groups have strong feelings about Palestine and Israel.

Making matters worse, supporters of jailed former Prime Minister Imran Khan already have grievances against Munir. They would likely use this issue to attack him further and organize demonstrations. Even though the government banned a violent anti-Israel party in October, the ideology behind such groups remains influential in Pakistani society.

Many Pakistanis feel strongly about the

Palestinian issue. For decades, Pakistan has officially supported Palestine and refused to recognize Israel. Sending troops to Gaza, even for peacekeeping, could be seen as a betrayal of these principles. The public backlash could be severe and long-lasting.

Munir's Unusual Power

What makes this situation unique is Munir's extraordinary position. He was recently given powers that no Pakistani military leader has held in years. He now commands all branches of the military, not just the army. His term was extended until 2030, and new constitutional amendments gave him lifetime immunity from prosecution. In theory, he has the authority to make this decision without much pushback from other institutions.

However, even unlimited official power cannot protect a leader from public anger. The Pakistani military has always been sensitive to its public image. Throughout history, military leaders have faced consequences when they were seen as too aligned with American interests at the expense of popular sentiment.

Bal Ram Sampla
Geopolitics

Walking the Tightrope

Munir is truly walking a tightrope. On one side is Trump and the promise of American support, investment, and security cooperation. On the other side is the Pakistani public, religious parties, and political opponents waiting to pounce on any misstep. Pakistan's Foreign Minister has already tried to find middle ground, suggesting the country might contribute peacekeepers but clarifying that disarming Hamas would not be part of their mission.

Perhaps Munir will look for a compromise during his Washington visit. He might offer a small, symbolic contribution of troops rather than a major deployment. He might propose non-combat roles or humanitarian assistance instead of active peacekeeping. He might delay any decision while seeking more guarantees about what exactly Pakistani troops would do in Gaza.

Whatever he decides, the choice will define his legacy. If he agrees to Trump's request and faces massive protests at home, his authority could be undermined despite his constitutional protections. If he refuses Trump and the relationship with Washington suffers, Pakistan's economy and security could pay the price. There may be no perfect answer, only the least bad option.

For now, all eyes are on the upcoming Washington meeting. Munir's dilemma shows how difficult it can be for smaller nations to balance their relationships with powerful countries while keeping their own people satisfied. In the end, he must choose between international strategic interests and domestic political survival. It is a choice no leader wants to make.

References

1.https://www.timesofisrael.com/us-presses-pakistan-to-join-gaza-force-testing-powerful-military-chiefs-authority-at-home/
2.https://www.business-standard.com/world-news/asim-munir-us-visit-donald-trump-gaza-troops-deployment-pakistan-125121700675_1.html
3.https://moderndiplomacy.eu/2025/12/17/pakistans-army-chief-asim-munir-faces-defining-test-over-trumps-gaza-plan/
4 . https://www.khaama.com/trump-asks-pakistan-to-send-troops-for-gaza-stabilization/?amp=1

ਮੋਗਲਜ਼ ਵਿਸ਼ਵ ਖਿਤਾਬ 'ਚ ਕਿੰਗਜ਼ਬਰੀ ਨੂੰ ਝਟਕਾ, ਜਪਾਨ ਦੇ ਹੋਰਿਸ਼ਿਮਾ ਨੇ ਤੋੜੀ ਜਿੱਤ ਦੀ ਲੜੀ

ਵੈਨਕੂਵਰ, (ਮਲਕੀਤ ਸਿੰਘ) ਮੋਗਲਜ਼ ਫ੍ਰੀਸਟਾਈਲ ਸਕੀਇੰਗ ਦੀ ਵਿਸ਼ਵ ਚੈਂਪੀਅਨਸ਼ਿਪ ਵਿੱਚ ਕੈਨੇਡਾ ਦੇ ਸਟਾਰ ਖਿਡਾਰੀ ਮਿਕਾਏਲ ਕਿੰਗਜ਼ਬਰੀ ਨੂੰ ਉਸ ਵੇਲੇ ਵੱਡਾ ਝਟਕਾ ਲੱਗਿਆ, ਜਦੋਂ ਜਪਾਨ ਦੇ ਹੋਰਿਸ਼ਿਮਾ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਉਸਨੂੰ ਲਗਾਤਾਰ ਚੌਥਾ ਵਿਸ਼ਵ ਖਿਤਾਬ ਜਿੱਤਣ ਤੋਂ ਰੋਕ ਦਿੱਤਾ। ਫਾਈਨਲ ਮੁਕਾਬਲੇ ਵਿੱਚ ਹੋਰਿਸ਼ਿਮਾ ਨੇ ਸ਼ਾਨਦਾਰ ਅੰਕਾਂ ਨਾਲ ਸੋਨ ਤਮਗਾ ਆਪਣੇ ਨਾਮ ਕੀਤਾ, ਜਦਕਿ ਕਿੰਗਜ਼ਬਰੀ ਨੂੰ ਦੂਜੇ ਸਥਾਨ 'ਤੇ ਸੰਤੁਸ਼ਟ ਹੋਣਾ ਪਿਆ। ਕਿਊਬੈਕ ਨਾਲ ਸਬੰਧਤ ਮਿਕਾਏਲ ਕਿੰਗਜ਼ਬਰੀ ਮੋਗਲਜ਼ ਇਸ ਤੋਂ ਪਹਿਲਾਂ ਤਿੰਨ ਲਗਾਤਾਰ ਵਿਸ਼ਵ ਖਿਤਾਬ ਜਿੱਤ ਕੇ ਆਪਣਾ ਦਬਦਬਾ ਕਾਇਮ ਕਰ ਚੁੱਕੇ ਸਨ, ਪਰ ਇਸ ਵਾਰ ਜਪਾਨੀ ਖਿਡਾਰੀ ਹੋਰਿਸ਼ਿਮਾ ਨੇ ਬਿਹਤਰ ਤਕਨੀਕ, ਤੇਜ਼ੀ ਅਤੇ ਸਥਿਰਤਾ ਨਾਲ ਬਾਜ਼ੀ ਮਾਰ ਲਈ।

ਜੇਤੂ ਖਿਡਾਰੀਆਂ ਦੀ ਇੱਕ ਤਸਵੀਰ।

ਮੁਕਾਬਲੇ ਦੌਰਾਨ ਦੋਵਾਂ ਖਿਡਾਰੀਆਂ ਵਿਚਕਾਰ ਸਖਤ ਟੱਕਰ ਵੇਖਣ ਨੂੰ ਮਿਲੀ, ਜਿਸ ਨੇ ਦਰਸ਼ਕਾਂ ਨੂੰ ਅੰਤ ਤੱਕ ਰੋਮਾਂਚਿਤ ਰੱਖਿਆ। ਇਸ ਚੈਂਪੀਅਨਸ਼ਿਪ ਵਿੱਚ ਮਹਿਲਾ ਵਰਗ ਵਿੱਚ ਵੀ ਕੈਨੇਡਾ ਲਈ ਮਾਣ ਦੀ ਗੱਲ ਰਹੀ, ਜਿੱਥੇ ਮਾਇਆ ਸ਼ਵਿੰਗਹੈਮਰ ਨੇ ਸ਼ਾਨਦਾਰ ਦੌੜ ਦਿਖਾਉਂਦਿਆਂ ਕਾਂਸੀ ਦਾ ਤਮਗਾ ਜਿੱਤਿਆ।

Minority Rights in India and their Present Status under BJP Rule

(Special on Minority Rights Day)

India, as a secular, democratic republic, recognizes and protects the rights of minorities to foster diversity and ensure equality. The term "minority" in the Indian context primarily refers to religious minorities—such as Muslims (about 14% of the population), Christians (2.3%), Sikhs (1.7%), Buddhists (0.7%), Jains (0.4%), and Parsis (a smaller Zoroastrian community)—as notified under the National Commission for Minorities Act, 1992. Linguistic, cultural, and ethnic minorities (including Scheduled Castes/Dalits at 16.6% and Scheduled Tribes/Adivasis at 8.6%) also receive protections, though religious minorities have been the focus of much recent discourse. These rights aim to prevent discrimination, preserve cultural identities, and promote social harmony, rooted in the principle that "no democracy can long survive which does not accept as fundamental to its very existence the recognition of the rights of minorities."

Key Constitutional Provisions

The Indian Constitution, adopted in 1950, embeds minority rights within its fundamental rights framework (Part III). These provisions fall into two broad categories: general equality rights applicable to all citizens and specific protections for minorities' cultural, educational, and religious interests. Below is a summary table of the core Articles:

Article 14: Equality before the Law: Ensures no denial of equal protection of laws within India; prohibits discrimination on grounds of religion, race, caste, sex, or place of birth.

Article 15: Prohibition of Discrimination: State cannot discriminate against citizens; extends to access to public places and opportunities.

Article 25- 28 Freedom of Religion: Right to profess, practice, and propagate religion (Art. 25); manage religious affairs (Art. 26); no religious instruction in state-funded schools (Art. 28); freedom from taxes for promoting religion (Art. 27).

Article 29: Protection of interests of Minorities: Any section with a distinct language, script, or culture has the right to conserve it; no denial of admission to state-aided educational institutions on grounds of religion, race, caste, or language.

Article 30: Right of Minorities to establish and administer Educational institutions: Religious and linguistic minorities can set up and manage institutions of their choice; state cannot discriminate in granting aid.

Additional safeguards include Article 46 (promotion of educational and economic interests of weaker sections, including minorities), Article 350 (facilities for instruction in mother-tongue), and the establishment of the National Commission for Minorities to monitor implementation. These rights emphasize the preservation of diversity, allowing minorities to maintain their identity without assimilation. However, the Constitution does not provide separate political reservations (e.g., seats in legislatures) for religious minorities, limiting them to Scheduled Castes and Tribes.

Present Status Under BJP Rule (2014–2025)

The Bharatiya Janata Party (BJP), led by Prime Minister Narendra Modi, has governed India since 2014, securing a third term in June 2024 despite losing its parliamentary majority (forming a coalition with the National Democratic Alliance). The government's approach to minority rights has been polarizing. While it emphasizes inclusive welfare schemes benefiting all citizens—such as food subsidies, electrification drives, and economic programs that reach minority communities—the BJP maintains these are not minority-specific but universal, denying any discriminatory intent. It has also highlighted measures like banning instant triple talaq (Muslim divorce) as empowering Muslim women.

Bal Ram Sampla
Geopolitics

However, international human rights organizations, independent reports, and opposition voices have documented a deterioration in minority protections, particularly for Muslims, under BJP rule. Key concerns as of late 2025 include:

- Discrimination and Violence: Authorities have been accused of failing to curb attacks by BJP supporters on minorities, instead targeting victims (e.g., through property demolitions labeled "bulldozer justice"). In 2024, 11 Muslim homes in Madhya Pradesh were razed over alleged beef possession, and similar actions occurred in other BJP-ruled states without due process. The Supreme Court ruled such demolitions unconstitutional in November 2024, mandating guidelines, but reports indicate ongoing violations. Communal violence persisted post-2024 elections, with at least 28 attacks on Muslims and Christians, resulting in 13 deaths.

- Hate Speech and Rhetoric: Instances of anti-minority hate speech surged 74% in 2024 (1,165 documented cases), peaking during elections, with BJP leaders like Modi and Amit Shah frequently implicated. About 80% occurred in BJP-ruled states. The BJP rejects these as biased, attributing them to opposition narratives.

- Legislative Measures: The Citizenship Amendment Act (CAA), implemented in March 2024, fast-tracks citizenship for non-Muslim refugees from neighboring countries, excluding Muslims—a move criticized as "fundamentally discriminatory" by the UN and others. Paired with potential National Register of Citizens, it raises fears of disenfranchising millions of Muslims lacking documentation. Anti-conversion laws in BJP states have been used to target interfaith marriages and minority proselytization. The 2019 abrogation of Article 370 (Kashmir's special status) and the Ram Temple construction in Ayodhya fulfilled Hindu nationalist pledges but alienated Muslim communities.

- Political Marginalization: No Muslim ministers serve in the 2024 cabinet, a historic first. Muslim parliamentary representation fell to 24 seats (4%) in 2024. The 2025 electoral roll revision (Special Intensive Revision) has been alleged by opposition as a tool to disenfranchise minorities as "illegal immigrants." Home Minister Shah defended it as protecting democracy via "detect, delete, and deport."

- Broader Impacts: Christians and other minorities face similar issues, including violence in Manipur (2023–ongoing) and restrictions on religious freedoms. India's National Human Rights Commission lost accreditation in 2024 for lacking independence. The BJP counters criticisms by pointing to economic inclusion and rejecting "Islamophobia" labels as politically motivated.

In summary, while constitutional safeguards remain intact, their implementation under BJP governance has drawn widespread scrutiny for favouring a Hindu-majoritarian agenda, exacerbating tensions for minorities—especially Muslims. The government's coalition dependencies post-2024 may moderate some excesses, but reports suggest persistent challenges as of December 2025.

ਭਲਕੇ ਜ਼ਿਲ੍ਹੇ ਦੇ ਸਾਰੇ ਸਕੂਲਾਂ ਵਿੱਚ ਮੈਗਾ ਪੀ ਟੀ ਐਮ ਹੋਵੇਗੀ ਆਯੋਜਿਤ – ਮਮਤਾ ਬਜਾਜ

ਮੈਗਾ ਪੀ ਟੀ ਐੱਮ ਦਾ ਮੁੱਖ ਉਦੇਸ਼ ਬੱਚਿਆਂ ਦੇ ਮਾਪਿਆਂ ਦੀ ਘਰ ਵਿੱਚ ਬੱਚਿਆਂ ਪ੍ਰਤੀ ਸਿੱਖਿਆ ਭਾਗੀਦਾਰੀ ਨੂੰ ਵਧਾਉਣਾ – ਹਰਮਿੰਦਰ ਜੋਸਨ

ਕਪੂਰਥਲਾ, (ਵਿਸ਼ੇਸ਼ ਪ੍ਰਤੀਨਿਧ)– ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ) ਮਮਤਾ ਬਜਾਜ , ਉੱਪ ਜ਼ਿਲ੍ਹਾ ਸਿੱਖਿਆ ਅਧਿਕਾਰੀ ਡਾਕਟਰ ਬਲਵਿੰਦਰ ਸਿੰਘ ਬੱਟੂ ਦੀ ਯੋਗ ਅਗਵਾਈ ਹੇਠ ਸਿੱਖਿਆ ਵਿਭਾਗ ਵੱਲੋਂ 20 ਦਸੰਬਰ ਦਿਨ ਸ਼ਨੀਵਾਰ ਨੂੰ ਮੈਗਾ ਪੀ ਟੀ ਐਮ ਅਤੇ ਮਾਪਿਆਂ ਦੀ ਟ੍ਰੇਨਿੰਗ ਜ਼ਿਲ੍ਹੇ ਦੇ ਵੱਖ ਵੱਖ ਸਕੂਲਾਂ ਵਿੱਚ ਆਯੋਜਿਤ ਕੀਤੀ ਜਾ ਰਹੀ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਜ਼ਿਲ੍ਹਾ ਸਿੱਖਿਆ ਅਧਿਕਾਰੀ ਸ੍ਰੀ ਮਤੀ ਮਮਤਾ ਬਜਾਜ ਨੇ ਕੀਤਾ। ਉਹਨਾਂ ਕਿਹਾ ਕਿ ਮੈਗਾ ਪੀ ਟੀ ਐੱਮ ਤੇ ਮਾਪੇ ਟ੍ਰੇਨਿੰਗ ਸੰਬੰਧੀ ਜ਼ਿਲ੍ਹੇ ਦੇ 527 ਪ੍ਰਾਇਮਰੀ ਸਕੂਲਾਂ ਵੱਲੋਂ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਉਹਨਾਂ ਕਿਹਾ ਕਿ ਇਸ ਸੰਬੰਧੀ ਪਹਿਲਾਂ ਜ਼ਿਲ੍ਹਾ ਪੱਧਰੀ ਤੇ ਫਿਰ ਕਲੱਸਟਰ ਪੱਧਰੀ ਟ੍ਰੇਨਿੰਗਾਂ ਅਧਿਆਪਕਾਂ ਨੂੰ ਦਿੱਤੀਆਂ ਜਾ ਚੁੱਕੀਆਂ ਹਨ। ਉਨ੍ਹਾਂ ਜਿਲ੍ਹੇ ਦੇ ਸਮੂਹ ਅਧਿਆਪਕਾਂ ਨੂੰ ਇਸ ਮੈਗਾ ਪੀ ਟੀ ਐੱਮ ਵਿੱਚ ਸਮੂਹ ਬੱਚਿਆਂ ਦੇ ਮਾਪਿਆਂ ਦੀ ਹਾਜ਼ਰੀ ਨੂੰ ਯਕੀਨੀ ਬਣਾਉਣ ਦੀ ਵਿਸ ਹਦਾਇਤ ਕੀਤੀ। ਉਹਨਾਂ ਕਿਹਾ ਕਿ ਇਸ ਸੰਬੰਧੀ ਅਧਿਆਪਕ ਵਟਸ ਐੱਪ ਗਰੁੱਪ, ਫੋਨ ਸੰਦੇਸ਼,

ਆਕਸ੍ਰਿਤ ਪੋਸਟਰਾਂ ਤੇ ਅਨਾਊਂਸਮੈਂਟ ਰਾਹੀਂ ਮਾਪਿਆਂ ਤੇ ਐੱਸ ਐੱਮ ਸੀ ਮੈਂਬਰਾਂ ਨੂੰ ਉਕਤ ਮੈਗਾ ਪੀ ਟੀ ਐੱਮ ਲਈ ਸੱਦਾ ਪੱਤਰ ਭੇਜ ਸਕਦੇ ਹਨ। ਇਸ ਮੈਗਾ ਪੀ ਟੀ ਐੱਮ ਰਾਹੀਂ ਬੱਚਿਆਂ ਦੇ ਮਾਪਿਆਂ ਨੂੰ ਦਾਖਲਾ ਮੁਹਿੰਮ ਦੇ ਤਹਿਤ ਨਿੱਜੀ ਸਕੂਲਾਂ ਦੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖ਼ਲਾ ਕਰਵਾਉਣ ਸਬੰਧੀ ਬੱਚਿਆਂ ਦੇ ਮਾਪਿਆਂ ਨੂੰ ਪ੍ਰੇਰਿਤ ਕਰਨ ਦੇ ਨਾਲ ਨਾਲ ਵਿਭਾਗ ਦੁਆਰਾ ਕੀਤੀਆਂ ਪ੍ਰਾਪਤੀਆਂ ਲਈ ਪੰਫ਼ਲੈਂਟ ਵੰਡੇ ਜਾਣ। ਜਿਸ ਸੰਬੰਧੀ ਸਾਰੇ ਸਕੂਲ ਨੂੰ ਰਾਸ਼ੀ ਜਾਰੀ ਕਰ ਦਿੱਤੀ ਗਈ ਹੈ। ਇਸ ਦੇ ਨਾਲ ਹੀ ਘਰ ਵਿੱਚ ਬੱਚਿਆਂ ਪ੍ਰਤੀ ਮਾਪਿਆਂ ਦੀ ਭਾਗੀਦਾਰੀ ਨੂੰ ਵਧਾਉਣ ਲਈ ਮਾਪਿਆਂ ਨੂੰ ਪ੍ਰੇਰਿਤ ਕੀਤਾ ਜਾਵੇ। ਇਸ ਇੱਕ ਮੈਗਾ ਪੀ ਟੀ ਐੱਮ ਵਿੱਚ ਹਰਮਿੰਦਰ ਸਿੰਘ ਜੋਸਨ ਡੀ ਆਰ ਸੀ ਜ਼ਿਲ੍ਹਾ ਕਪੂਰਥਲਾ ਨੇ ਕਿਹਾ ਕਿ ਵਿਭਾਗ ਦੁਆਰਾ ਕਰਵਾਈ ਜਾ ਰਹੀ ਮੈਗਾ ਪੀ ਟੀ ਐੱਮ ਦਾ ਮੁੱਖ ਉਦੇਸ਼ ਬੱਚਿਆਂ ਦੇ ਮਾਪਿਆਂ ਦੀ ਘਰ ਵਿੱਚ ਬੱਚਿਆਂ ਪ੍ਰਤੀ ਸਿੱਖਿਆ ਲਈ ਭਾਗੀਦਾਰੀ ਨੂੰ ਵਧਾਉਣਾ ਹੈ। ਉਹਨਾਂ ਕਿਹਾ ਕਿ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਸਕੂਲ ਅਤੇ ਘਰ ਦੋਨਾਂ ਦਾ ਯੋਗਦਾਨ ਹੁੰਦਾ ਹੈ। ਇਸ ਲਈ ਬੱਚਿਆਂ ਦੇ ਵਿਕਾਸ ਵਿੱਚ ਮਾਪਿਆਂ ਦੀ ਭਾਗੇਦਾਰੀ ਨੂੰ ਯਕੀਨੀ ਬਣਾਉਣ ਲਈ ਇਸ ਟ੍ਰੇਨਿੰਗ ਦਾ ਆਯੋਜਨ ਕੀਤਾ ਜਾ ਰਿਹਾ ਹੈ। ਉਹਨਾਂ ਸਮੂਹ ਅਧਿਆਪਕਾਂ ਨੂੰ ਇਸ ਮੈਗਾ ਪੀ ਟੀ ਐੱਮ ਨੂੰ ਸਫ਼ਲ ਬਣਾਉਣ ਲਈ ਅਹਿਮ ਭੂਮਿਕਾ ਨਿਭਾਉਣ ਦਾ ਸੱਦਾ ਦਿੱਤਾ।

ਕਿਸਾਨ ਮਜ਼ਦੂਰ ਮੁਲਾਜ਼ਮ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਹੋਈ

ਬਿਜਲੀ ਬਿੱਲ 2025 ,ਬੀਜ ਬਿੱਲ ਸੋਧ ਰੱਦ ਕਰਵਾਉਣ, ਚਾਰ ਲੇਬਰ ਕੋਡ ਅਤੇ ਨਿੱਜੀ ਕਰਨ ਵਿਰੁੱਧ ਹੋਵੇਗਾ ਸਘੰਰਸ਼– ਭੁੱਲਰ

ਕਪੂਰਥਲਾ, (ਕੌੜਾ)– ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਕਿਸਾਨ ਮਜ਼ਦੂਰ ਮੁਲਾਜ਼ਮ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਬਲਵਿੰਦਰ ਸਿੰਘ ਭੁੱਲਰ ਪ੍ਰਧਾਨ ਕਿਰਤੀ ਕਿਸਾਨ ਯੂਨੀਅਨ ਤੇ ਮੁਹੰਮਦ ਯੂਨਿਸ ਅੰਸਾਰੀ ਸਰਕਲ ਪ੍ਰਧਾਨ ਪਾਵਰ ਕੌਮ ਪੈਨਸ਼ਨ ਐਸੋਸੀਏਸ਼ਨ ਕਪੂਰਥਲਾ ਦੀ ਪ੍ਰਧਾਨਗੀ ਹੇਠ ਹੋਈ । ਮੀਟਿੰਗ ਵਿੱਚ ਸਰਵ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਬਿਜਲੀ ਬਿੱਲ 2025 ਪਾਰਲੀਮੈਂਟ ਵਿੱਚ ਪੇਸ਼ ਕਰਨ ਦੀ ਸੂਰਤ ਵਿੱਚ ਅਗਲੇ ਦਿਨ 12 ਵਜੇ ਤੋਂ 3 ਵਜੇ ਤੱਕ ਢਿਲਵਾਂ ਟੋਲ ਪਲਾਜਾ ਫਰੀ ਕੀਤਾ ਜਾਵੇਗਾ,ਤੇ ਨਾਲ ਹੀ ਰੇਲਾਂ ਦਾ ਚੱਕਾ ਜਾਮ ਕੀਤਾ ਜਾਵੇਗਾ। ਬੀਜ ਬਿੱਲ 2025 ਰੱਦ ਕੀਤਾ ਜਾਵੇਗਾ ਬੀਜ ਬਿੱਲ ਸੋਧ ਫਰੀ ਟਰੇਡ ਸਮਝੌਤੇ ਖੇਤੀ ਡੇਅਰੀ ਅਤੇ ਦੇਸ਼ ਦੀ ਅਨਾਜ ਸੁਰੱਖਿਆ ਨੂੰ ਹੋਣ ਵਾਲੇ ਨੁਕਸਾਨ ਅਤੇ ਸਰਕਾਰੀ ਤੇ ਜਨਤਕ ਅਦਾਰਿਆਂ ਦੀਆਂ ਜ਼ਮੀਨਾਂ ਵੇਚਣ ਦੇ ਨੁਕਸਾਨ ਪ੍ਰਤੀ ਚਾਰ ਲੇਬਰ ਕੋਡ ਅਤੇ ਨਿੱਜੀ ਕਰਨ ਵਿਰੁੱਧ ਪੰਜਾਬ ਦੇ

ਅਵਾਮ ਨੂੰ ਜਾਗਰੂਕ ਕਰਨ ਲਈ ਜੰਤਕ ਮੁਹਿੰਮ ਚਲਾਈ ਜਾਵੇਗੀ। ਪਿੰਡਾਂ ਵਿੱਚ ਰੈਲੀਆਂ ਮੀਟਿੰਗਾਂ ਤੇ ਰੋਸ ਮਾਰਚ ਕੀਤੇ ਜਾਣਗੇ ਮਨਰੇਗਾ ਨੂੰ ਖਤਮ ਕਰਨ ਲਈ ਲਿਆਂਦਾ ਗਿਆ। ਬਿਲ ਵਿਕਸਿਤ ਭਾਰਤ ਗਰੰਟੀ ਫਾਰ ਰੁਜ਼ਗਾਰ ਅਤੇ ਮਿਸ਼ਨ ਦੇ ਤਹਿਤ ਮਹਾਤਮਾ ਗਾਂਧੀ ਦੇ ਅਕਸ ਨੂੰ ਖਤਮ ਕਰਨ ਦੀ ਸਾਜਿਸ਼ ਹੈ ਤੇ ਰਾਜ ਸਰਕਾਰ ਦੇ ਵਿੱਤੀ ਬੋਝ ਪਾਉਣ ਦੀ ਸਖਤ ਨਿੰਦਾ ਕੀਤੀ ਗਈ। ਮਗਨਰੇਗਾ ਨੂੰ ਬਚਾਉਣ ਲਈ ਜ਼ਬਰਦਸਤ ਵਿਰੋਧ ਕਰਨ ਦਾ ਸੱਦਾ ਦਿੱਤਾ ਗਿਆ। ਆਰ ਆਰ ਐਸ ਐਸ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਮਹਾਤਮਾ ਗਾਂਧੀ ਦਾ ਨਾਮ ਮਿਟਾਇਆ ਜਾ ਰਿਹਾ ਹੈ ਤੇ ਦੇਸ਼ ਲੋਕਾਂ ਦੀ ਮਹਾਤਮਾ ਗਾਂਧੀ ਨਾਲ ਭਾਵਨਾ ਜੁੜੀ ਹੋਈ । ਮੀਟਿੰਗ ਸੰਯੁਕਤ ਕਿਸਾਨ ਮੋਰਚੇ ਦੇ ਜ਼ਿਲ੍ਹਾ ਕਨਵੀਨਰ ਐਡਵੋਕੇਟ ਰਜਿੰਦਰ ਸਿੰਘ ਰਾਣਾ ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਨੀਤ ਪ੍ਰਧਾਨ ਰਘਬੀਰ ਸਿੰਘ ਮਹਿਰਵਾਲਾ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਬਾਜਵਾ ਕੇ ਐਲ ਕੌਸ਼ਲ ,ਨਿਰਮਲ ਸਿੰਘ , ਅਮਰਜੀਤ ਸਿੰਘ ਟਿੱਬਾ, ਹਰਜਿੰਦਰ ਸਿੰਘ ਰਾਣਾ , ਫਕੀਰ ਮੁਹੰਮਦ ,ਧਰਮਿੰਦਰ ਸਿੰਘ, ਬਿੰਦੂ ਸੁੰਨੜਵਾਲ ,ਅਮਰਜੀਤ ਸਿੰਘ ਪਰਵਿੰਦਰ ਸਿੰਘ ਸੰਘਾ, ਕੁਲਵਿੰਦਰ ਸਿੰਘ ਕਰਮ ਸਿੰਘ ਜਸਵਿੰਦਰ ਪਾਲ, ਸੁਖਵਿੰਦਰ ਸਿੰਘ ਚੱਕ ਕੋਟਲਾ ਆਦਿ ਆਗੂ ਮੀਟਿੰਗ ਵਿੱਚ ਹਾਜ਼ਰ ਸਨ।

ਬੈਂਕ ਆਫ਼ ਇੰਗਲੈਂਡ ਵੱਲੋਂ ਬਿਆਜ ਦਰਾਂ ‘ਚ ਕਟੌਤੀ ਦੀ ਤਿਆਰੀ, ਬੈਂਕ ਰੇਟ 3.75 ਫ਼ੀਸਦੀ ਹੋਣ ਦੇ ਆਸਾਰ

ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)– ਬ੍ਰਿਟੇਨ ਦੇ ਕੇਂਦਰੀ ਬੈਂਕ ਬੈਂਕ ਆਫ਼ ਇੰਗਲੈਂਡ ਵੱਲੋਂ ਬਿਆਜ ਦਰਾਂ ਵਿੱਚ ਕਟੌਤੀ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਆਰਥਿਕ ਮਾਹਿਰਾਂ ਅਨੁਸਾਰ ਮੌਜੂਦਾ 4 ਫ਼ੀਸਦੀ ਬੈਂਕ ਰੇਟ ਨੂੰ ਘਟਾ ਕੇ 3.75 ਫ਼ੀਸਦੀ ਕੀਤਾ ਜਾ ਸਕਦਾ ਹੈ, ਜੋ ਫਰਵਰੀ 2023 ਤੋਂ ਬਾਅਦ ਸਭ ਤੋਂ ਨੀਵਾਂ ਪੱਧਰ ਹੋਵੇਗਾ। ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਮਹਿੰਗਾਈ ਵਿੱਚ ਆ ਰਹੀ ਹੌਲੀ ਕਮੀ ਅਤੇ ਆਰਥਿਕ ਗਤੀ ਵਿੱਚ ਸੁਸਤਾਪਨ ਕਾਰਨ ਬੈਂਕ ਆਫ਼ ਇੰਗਲੈਂਡ ‘ਤੇ ਬਿਆਜ ਦਰਾਂ ਘਟਾਉਣ ਦਾ ਦਬਾਅ ਵਧ ਰਿਹਾ ਹੈ। ਹਾਲਾਂਕਿ ਇਹ ਵੀ ਦੱਸਿਆ ਜਾ ਰਿਹਾ

ਹੈ ਕਿ ਨੌ ਮੈਂਬਰੀ ਮੋਨਿਟਰੀ ਪਾਲਿਸੀ ਕਮੇਟੀ (ਐਮਪੀਸੀ) ਵਿੱਚ ਇਸ ਮਾਮਲੇ ‘ਤੇ ਪੂਰੀ ਏਕਮਤ ਨਹੀਂ ਹੋ ਸਕਦੀ। ਜੇਕਰ ਬਿਆਜ ਦਰਾਂ ‘ਚ ਕਟੌਤੀ ਹੁੰਦੀ ਹੈ ਤਾਂ ਇਸ ਨਾਲ ਮਾਰਟਗੇਜ ਲੈਣ ਵਾਲਿਆਂ ਅਤੇ ਕਾਰੋਬਾਰਾਂ ਨੂੰ ਰਾਹਤ ਮਿਲਣ ਦੀ ਉਮੀਦ ਹੈ, ਪਰ ਨਾਲ ਹੀ ਬਚਤ ਖਾਤਿਆਂ ‘ਤੇ ਮਿਲਣ ਵਾਲੇ ਵਿਆਜ ‘ਚ ਕਮੀ ਆ ਸਕਦੀ ਹੈ। ਬੈਂਕ ਦਾ ਇਹ ਕਦਮ ਆਉਣ ਵਾਲੇ ਮਹੀਨਿਆਂ ਵਿੱਚ ਦੇਸ਼ ਦੀ ਆਰਥਿਕ ਦਿਸ਼ਾ ਨੂੰ ਪ੍ਰਭਾਵਿਤ ਕਰ ਸਕਦਾ ਹੈ। ਉਲੇਖਣੀਯ ਹੈ ਕਿ ਕਰਿਸਮਸ ਦੇ ਮੌਕੇ ‘ਤੇ ਬੈਂਕ ਆਫ਼ ਇੰਗਲੈਂਡ ਦੇ ਆਲੇ-ਦੁਆਲੇ ਇਲਾਕੇ ‘ਚ ਤਿਉਹਾਰੀ ਰੌਣਕ ਬਣੀ ਹੋਈ ਹੈ, ਪਰ ਆਮ ਲੋਕਾਂ ਦੀ ਨਜ਼ਰ ਬੈਂਕ ਦੇ ਇਸ ਮਹੱਤਵਪੂਰਨ ਫ਼ੈਸਲੇ ‘ਤੇ ਟਿਕੀ ਹੋਈ ਹੈ।

ਵਿਸ਼ਵ ਪੁਸਤਕ ਦਿਵਸ



ਅਜੋਕੇ ਡਿਜ਼ੀਟਲ ਯੁੱਗ ਵਿੱਚ ਮਿਤੀ 23 ਅਪ੍ਰੈਲ ਨੂੰ ਸੰਸਾਰ ਭਰ ਵਿੱਚ ਵਿਸ਼ਵ ਪੁਸਤਕ ਦਿਵਸ ਮਨਾਇਆ ਜਾਂਦਾ ਹੈ। ਇਹ ਸਾਹਿਤ ਅਤੇ ਪੜ੍ਹਾਈ ਦਾ ਇੱਕ ਜਸ਼ਨ ਹੈ ਜੋ ਸਰਹੱਦਾਂ ਅਤੇ ਸੰਸਕ੍ਰਿਤੀਆਂ ਨੂੰ ਪਾਰ ਕਰਦਾ ਹੈ। ਯੂਨੇਸਕੋ ਦੁਆਰਾ 1995 ਵਿੱਚ ਸਥਾਪਿਤ ਕੀਤਾ ਗਿਆ ਇਹ ਦਿਨ ਸਾਲਾਨਾ ਸਮਾਗਮ ਪੜ੍ਹਾਈ, ਪ੍ਰਕਾਸ਼ਨ ਅਤੇ ਕਾਪੀਰਾਈਟ ਨੂੰ ਉਤਸ਼ਾਹਿਤ ਕਰਨ ਲਈ ਬਣਾਇਆ ਗਿਆ ਹੈ, ਜਦੋਂ ਕਿ ਹਰ ਉਮਰ ਦੇ ਲੋਕਾਂ ਨੂੰ ਕਿਤਾਬਾਂ ਦੇ ਆਨੰਦ ਦੀ ਖੋਜ ਕਰਨ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਹਰ ਸਾਲ ਇਸ ਦਿਨ ਨੂੰ ਇੱਕ ਵੱਖਰੇ ਥੀਮ ਤਹਿਤ ਮਨਾਇਆ ਜਾਂਦਾ ਹੈ ਅਤੇ ਇਹ ਦਿਨ ਸਾਹਿਤ ਦੀ ਬਦਲਾਅ ਕਾਰੀ ਸ਼ਕਤੀ ਨੂੰ ਉਜਾਗਰ ਕਰਦਾ ਹੈ ਜੋ ਰਚਨ-ਾਤਮਕਤਾ ਨੂੰ ਉਤਸ਼ਾਹਿਤ ਕਰਨ ਅਤੇ ਸਹਿਣਸ਼ੀਲਤਾ ਨੂੰ ਵੱਧਾਉਣ ਵਿੱਚ ਮਦਦ ਕਰਦਾ ਹੈ। ਇਸ ਦਿਨ ਦੁਨੀਆ ਭਰ ਦੇ ਸਕੂਲਾਂ, ਲਾਇਬ੍ਰੇਰੀਆਂ ਅਤੇ ਪੁਸਤਕਾਂ ਦੀਆਂ ਦੁਕਾਨਾਂ ਵਿੱਚ ਲਿਖਾਰੀ ਪੜ੍ਹਾਈਆਂ, ਪੁਸਤਕ ਮੇਲੇ, ਵਰਕਸ਼ਾਪਾਂ ਅਤੇ ਕਹਾਣੀ ਸੁਣਾਉਣ ਵਾਲੀਆਂ ਸ਼ੈਸ਼ਨਾਂ ਵਰਗੀਆਂ ਵੱਖ-ਵੱਖ ਗਤਿਵਿਧੀਆਂ ਕਰਵਾਈਆਂ ਜਾਂਦੀਆਂ ਹਨ। ਦੁਨੀਆਂ ਭਰ ਦੇ ਸਕੂਲ ਵਿਸ਼ਵ ਪੁਸਤਕ ਦਿਵਸ ਦੇ ਜਜ਼ਬੇ ਨੂੰ ਆਪਣੇ ਪਿਆਰੇ ਸਾਹਿਤਿਕ ਪਾਤਰਾਂ ਦੇ ਤੌਰ 'ਤੇ ਬੱਚਿਆਂ ਨੂੰ ਸਜਾਉਣ ਲਈ ਉਤਸ਼ਾਹਿਤ ਕਰ ਰਹੇ ਹਨ। ਇਹ ਸਮਾਗਮ ਇੱਕ ਪਿਆਰੇ ਰਿਵਾਜ ਵਿੱਚ ਬਦਲ ਗਿਆ ਹੈ, ਜਿਸ ਵਿੱਚ ਬੱਚੇ ਆਪਣੀ ਰਚਨਾਤਮਕਤਾ ਅਤੇ ਪੜ੍ਹਾਈ ਦੇ ਪ੍ਰਤੀ ਆਪਣਾ ਪਿਆਰ ਦਿਖਾਉਂਦੇ ਹਨ। ਕਈ ਸਕੂਲ ਪੁਸਤਕ ਬਦਲਾਅ ਗਤਿਵਿਧੀਆਂ ਵੀ ਕਰ ਰਹੇ ਹਨ, ਜਿਸ ਨਾਲ ਬੱਚੇ ਆਪਣੇ ਪਿਆਰੇ ਟਾਈਟਲ ਬਦਲ ਸਕਦੇ ਹਨ ਅਤੇ ਨਵੀਆਂ ਕਹਾਣੀਆਂ ਦੀ ਖੋਜ ਕਰ ਸਕਦੇ ਹਨ। ਅਟਲਾਂਟਿਕ ਦੇ ਪਾਰ, ਅਮਰੀਕਾ ਵਿੱਚ ਲਾਇਬ੍ਰੇਰੀਆਂ ਸਮੁਦਾਇਕ ਸਮਾਗਮਾਂ ਨਾਲ ਵਿਸ਼ਵ ਪੁਸਤਕ ਦਿਵਸ ਮਨਾਉਂਦੀਆਂ ਹਨ ਜੋ ਸਥਾਨਕ ਲਿਖਾਰੀਆਂ ਨੂੰ ਉਜਾਗਰ ਕਰਨ ਅਤੇ ਲਿਟਰੇਸੀ ਪ੍ਰੋਗ੍ਰਾਮਾਂ ਨੂੰ ਉਤਸ਼ਾਹਿਤ ਕਰਨ 'ਤੇ ਕੇਂਦ੍ਰਿਤ ਹਨ। ਬਹੁਤ ਸਾਰੀਆਂ ਸਰਕਾਰੀ ਲਾਇਬ੍ਰੇਰੀਆਂ ਮਾਪਿਆਂ ਅਤੇ ਬੱਚਿਆਂ ਲਈ ਘਰੇਲੂ ਪੜ੍ਹਾਈ ਦੇ ਪ੍ਰੇਮ ਨੂੰ ਉਤਸ਼ਾਹਿਤ ਕਰਨ 'ਤੇ ਮੁਫ਼ਤ ਵਰਕਸ਼ਾਪਾਂ ਦੀ ਪੇਸ਼ਕਸ਼ ਕਰ ਰਹੀਆਂ ਹਨ। "ਪੜ੍ਹਾਈ ਨਵੇਂ ਸੰਸਾਰਾਂ ਅਤੇ ਵਿਚਾਰਾਂ ਦੇ ਦਰਵਾਜੇ ਖੋਲਦੀ ਹੈ। "ਵਿਸ਼ਵ ਪੁਸਤਕ ਦਿਵਸ ਇਸ ਗੱਲ ਦੀ ਯਾਦ ਦਿਲਾਉਂਦਾ ਹੈ ਕਿ ਉਸ ਪਿਆਰ ਨੂੰ ਪਾਲਣਾ ਕਰਨ ਦੀ ਮਹੱਤਤਾ ਹੈ।" ਭਾਰਤ ਵਿੱਚ ਜਿੱਥੇ ਸਿਖਿਆ ਦੀ ਦਰਾਂ ਹੋਲੀ ਹੋਲੀ ਸੁਧਰ ਰਹੀਆਂ ਹਨ, ਵੱਖ-ਵੱਖ ਸੰਸਥਾਵਾਂ ਵਿਸ਼ਵ ਪੁਸਤਕ ਦਿਵਸ ਦਾ ਇਸਤੇਮਾਲ ਕਰਕੇ ਗ੍ਰਾਮੀਣ ਖੇਤਰਾਂ ਵਿੱਚ ਬੱਚਿਆਂ ਵਿੱਚ ਪੜ੍ਹਾਈ ਨੂੰ ਉਤਸ਼ਾਹਿਤ ਕਰਨ ਲਈ ਯੋਜਨਾਵਾਂ ਸ਼ੁਰੂ ਕਰ ਰਹੀਆਂ ਹਨ। ਗੈਰ-ਲਾਭਕਾਰੀ ਸੰਸਥਾਵਾਂ ਅਸਹਾਇਤਾ ਪ੍ਰਾਪਤ ਸਮੁਦਾਇਆਂ ਵਿੱਚ ਪੁਸਤਕਾਂ ਵੰਡ ਰਹੀਆਂ ਹਨ ਅਤੇ ਨੌਜਵਾਨ ਪਾਠਕਾਂ ਨੂੰ ਪ੍ਰੇਰਿਤ ਕਰਨ ਲਈ ਕਹਾਣੀ ਸੁਣਾਉਣ ਵਾਲੀਆਂ ਸੈਸ਼ਨਾਂ ਦਾ ਆਯੋਜਨ ਕਰ ਰਹੀਆਂ ਹਨ। "ਕਿਤਾਬਾਂ ਜੀਵਨ ਬਦਲ ਸਕਦੀਆਂ ਹਨ," ਸੁਰਿੰਦਰਪਾਲ ਸਿੰਘ ਨੇ ਕਿਹਾ, ਜੋ ਇੱਕ ਅਧਿਆਪਕ ਹਨ। "ਅਸੀਂ ਚਾਹੁੰਦੇ ਹਾਂ ਕਿ ਹਰ ਬੱਚੇ ਕੋਲ ਕਹਾਣੀਆਂ ਦੇ ਜਾਦੂ ਤੱਕ ਪਹੁੰਚ ਹੋਵੇ।"

ਇਸ ਦਿਨ ਦੇ ਜਸ਼ਨ ਦੇ ਹਿੱਸੇ ਵਜੋਂ, ਕਈ ਪ੍ਰਮੁੱਖ ਲਿਖਾਰੀ ਵਰਚੁਅਲ ਸਮਾਗਮਾਂ ਵਿੱਚ ਭਾਗ ਲੈਂਦੇ ਹਨ, ਪ੍ਰਸ਼ੰਸਕਾਂ ਨਾਲ ਗੱਲਬਾਤ ਕਰਦੇ ਹਨ ਅਤੇ ਆਪਣੇ ਕੰਮ ਦੇ ਪ੍ਰਭਾਵ 'ਤੇ ਚਰਚਾ ਕਰਦੇ ਹਨ। ਕਿਤਾਬਾਂ ਸਾਡੇ ਦਰਸ਼ਨ ਨੂੰ ਚੁਣੌਤੀ ਦੇਣ ਅਤੇ ਬਦਲਾਅ ਲਈ ਪ੍ਰੇਰਨਾ ਦੇਣ ਦੀ ਸ਼ਕਤੀ ਰੱਖਦੀਆਂ ਹਨ। ਵਿਸ਼ਵ ਪੁਸਤਕ ਦਿਵਸ 'ਤੇ, ਆਓ ਉਹ ਕਹਾਣੀਆਂ ਮਨਾਉਂਦੇ ਹਾਂ ਜੋ ਸਾਡੇ ਸੰਸਾਰ ਨੂੰ ਬਣਾਉਂਦੀਆਂ ਹਨ।"

ਜਿਵੇਂ ਜ਼ਿੰਦਗੀ ਦਾ ਇਹ ਦਿਨ ਖਤਮ ਹੁੰਦਾ ਹੈ, ਆਓ ਅਸੀਂ ਯਾਦ ਰੱਖੀਏ ਕਿ ਹਰ ਇੱਕ ਕਿਤਾਬ ਵਿੱਚ ਇੱਕ ਕਹਾਣੀ ਹੁੰਦੀ ਹੈ ਜੋ ਖੋਜ ਲਈ ਤਿਆਰ ਹੁੰਦੀ ਹੈ। ਚਾਹੇ ਉਹ ਕਿਸੇ ਪਿਆਰੇ ਬਚਪਨ ਦੇ ਕਲਾਸਿਕ ਹੋਵੇ ਜਾਂ ਸੋਚਣ ਵਾਲਾ ਆਧੁਨਿਕ ਪਾਠ, ਹਰ ਇੱਕ ਕਿਤਾਬ ਸਾਨੂੰ ਨਵੀਆਂ ਹੱਦਾਂ ਦੀ ਖੋਜ ਕਰਨ ਅਤੇ ਸ਼ਬਦਾਂ ਦੀ ਸ਼ਕਤੀ ਦੁਆਰਾ ਆਪਣੇ ਜੀਵਨ ਨੂੰ ਖੁਸ਼ਹਾਲ ਕਰਨ ਲਈ ਸੱਦਾ ਦਿੰਦੀ ਹੈ।

ਸੁਰਿੰਦਰਪਾਲ ਸਿੰਘ
ਸ੍ਰੀ ਅਮ੍ਰਿਤਸਰ ਸਾਹਿਬ।

ਉਹ ਢਾਬੇ ਵਾਲੇ ਬਜ਼ੁਰਗ ਨੂੰ ਚੇਤੇ ਕਰਦਿਆਂ....

ਇਹ ਗੱਲ ਉਨ੍ਹਾਂ ਦਿਨਾਂ ਦੀ ਹੈ, ਜਦੋਂ ਮੇਰਾ ਬੇਟਾ ਸਾਹਿਲ ਹਾਲੇ ਮੁਸ਼ਕਿਲ ਨਾਲ ਇੱਕ ਸਾਲ ਦਾ ਸੀ। ਉਸ ਦੀ ਮਾਸੂਮ ਮੁਸਕਾਨ ਅਤੇ ਨਿੱਕੀਆਂ ਉਂਗਲੀਆਂ ਦੀ ਗ੍ਰਿਫ਼ਤ ਵਿੱਚ ਮੇਰੀ ਪੂਰੀ ਦੁਨੀਆ ਸਮਾਈ ਹੋਈ ਸੀ। ਨਵੀਂ-ਨਵੀਂ ਪਿਓ ਬਣਨ ਦੀ ਖੁਸ਼ੀ ਦਿਲ ਨੂੰ ਅਜੀਬ ਜਿਹਾ ਸਕੂਨ ਦੇ ਰਹੀ ਸੀ ਅਤੇ ਮਨ ਕਿਤੇ ਦੂਰ ਰਮਣੀਕ ਜਗ੍ਹਾ ਘੁੰਮ ਆਉਣ ਲਈ ਮਚਲ ਰਿਹਾ ਸੀ। ਇਸੇ ਉਤਸ਼ਾਹ ਨਾਲ ਮੈਂ ਆਪਣੀ ਪਤਨੀ ਕਵਿਤਾ, ਬੇਟੇ ਸਾਹਿਲ ਅਤੇ ਵੱਡੇ ਭਰਾ ਦੇ ਪਰਿਵਾਰ ਨਾਲ ਧਰਮਸ਼ਾਲਾ ਘੁੰਮਣ ਦਾ ਫੈਸਲਾ ਕਰ ਲਿਆ। ਪਹਾੜੀ ਰਸਤਾ ਮਨ ਨੂੰ ਤਾਜ਼ਗੀ ਨਾਲ ਭਰ ਰਿਹਾ ਸੀ। ਹਰੇ-ਭਰੇ ਦਰੱਖਤ, ਠੰਡੀ-ਠੰਡੀ ਹਵਾ ਅਤੇ ਟੇਢੇ-ਮੇਢੇ ਮੋੜ ਸਫ਼ਰ ਨੂੰ ਸੁਹਾਵਣਾ ਬਣਾ ਰਹੇ ਸਨ। ਛੋਟਾ ਬੱਚਾ ਨਾਲ ਹੋਣ ਕਰਕੇ ਰਸਤੇ ਵਿੱਚ ਸਾਹਿਲ ਨੂੰ ਭੁੱਖ ਲੱਗ ਗਈ ਅਤੇ ਸਾਡਾ ਸਫ਼ਰ ਇੱਕ ਛੋਟੇ ਜਿਹੇ ਠਹਿਰਾਵ ਵੱਲ ਮੁੜ ਗਿਆ। ਕਾਂਗੜੇ ਦੇ ਨੇੜੇ ਇੱਕ ਪਿੰਡ ਵਿੱਚੋਂ ਲੰਘਦੇ ਹੋਏ ਸੜਕ ਕਿਨਾਰੇ ਇੱਕ ਛੋਟਾ ਜਿਹਾ ਢਾਬਾ ਦਿੱਸਿਆ। ਅਸੀਂ ਉੱਥੇ ਰੁਕ ਗਏ ਤਾਂ ਕਿ ਸਾਹਿਲ ਦੇ ਪੀਣ ਲਈ ਦੁੱਧ ਲਿਆ ਜਾ ਸਕੇ। ਢਾਬੇ ਦਾ ਮਾਲਕ ਇੱਕ ਬਜ਼ੁਰਗ ਸੀ ਸਾਦੇ ਜਿਹੇ ਪਹਿਨੇ ਕਪੜਿਆਂ 'ਚ ਚਿਹਰੇ 'ਤੇ ਅਜਿਹਾ ਸਕੂਨ, ਜਿਵੇਂ ਸਾਲਾਂ ਦੀ ਤਜਰਬੇਕਾਰੀ ਉਸਦੀਆਂ ਅੱਖਾਂ 'ਚ ਝਲਕਦੀ ਹੋਵੇ।

ਉਸਨੇ ਬੜੇ ਪਿਆਰ ਨਾਲ ਸਾਡੇ ਕਹਿਣ ਤੇ ਸਾਹਿਲ ਦੀ ਦੁੱਧ ਵਾਲੀ ਬੋਤਲ ਵਿੱਚ ਗਰਮ ਕਰਕੇ ਦੁੱਧ ਭਰ ਦਿੱਤਾ। ਜਦੋਂ ਮੈਂ ਪੈਸਿਆਂ ਬਾਰੇ ਪੁੱਛਿਆ ਤਾਂ ਉਹ ਮੁਸਕੁਰਾਇਆ ਅਤੇ ਕਹਿਣ ਲੱਗਾ, "ਨਹੀਂ ਪੁੱਤਰ, ਬੱਚੇ ਦੇ ਦੁੱਧ ਦੇ ਪੈਸੇ ਨਹੀਂ ਲੈਂਦੇ।" ਮੇਰੇ ਬਾਰ-ਬਾਰ ਜ਼ੋਰ ਪਾਉਣ ਦੇ ਬਾਵਜੂਦ ਵੀ ਉਹ ਨਹੀਂ ਮੰਨਿਆ।

ਇਸ ਨਿਰਲੋਭਤਾ ਨੇ ਸਾਨੂੰ ਸੋਚਣ 'ਤੇ ਮਜਬੂਰ ਕੀਤਾ ਅਤੇ ਮੈਂ ਅਤੇ ਮੇਰੇ ਵੱਡੇ ਭਰਾ ਨੇ ਸਲਾਹ ਕੀਤੀ ਕਿ ਅਸੀਂ ਅੱਗੇ ਜਾ ਕੇ ਵੀ ਤਾਂ ਖਾਣਾ ਖਾਣ ਲਈ ਰੁਕਣਾ ਹੀ ਹੈ, ਕਿਉਂ ਨਾ ਦੁਪਹਿਰ ਦਾ ਖਾਣਾ ਇਥੇ ਹੀ ਖਾ ਲਿਆ ਜਾਵੇ। ਘੱਟੋ-ਘੱਟ ਇਸ ਬਜ਼ੁਰਗ ਨੂੰ ਕੁਝ ਤਾਂ ਕਮਾਈ ਹੋਵੇ। ਅਸੀਂ ਉੱਥੇ ਸਾਦੀ ਪਰ ਸੁਆਦੀ ਸਾਰਿਆ ਨੇ ਰੋਟੀ ਖਾਧੀ ਅਤੇ ਫੇਰ ਅੱਗੇ ਧਰਮਸ਼ਾਲਾ ਲਈ ਰਵਾਨਾ ਹੋ ਗਏ।

ਉੱਥੇ ਹੀ ਢਾਬੇ ਤੇ ਸਾਹਿਲ ਨੇ ਵੀ ਅੱਧੀ ਕੁ ਬੋਤਲ ਦੁੱਧ ਪੀਤਾ ਅਤੇ ਬਾਕੀ ਬਚੇ ਹੋਏ ਦੁੱਧ ਵਾਲੀ ਬੋਤਲ ਨੂੰ ਕਵਿਤਾ ਨੇ ਘੁੱਟ ਕੇ ਬੰਦ ਕਰ ਆਪਣੇ ਪਰਸ 'ਚ ਰੱਖ ਲਿਆ। ਸ਼ਾਮ ਤੱਕ ਅਸੀਂ ਧਰਮਸ਼ਾਲਾ ਪਹੁੰਚ ਗਏ। ਉੱਥੇ ਰਹਿਣ ਵਾਸਤੇ ਹੋਟਲ ਲੱਭਦੇ ਹੋਏ ਅਚਾਨਕ ਕਵਿਤਾ ਨੇ ਕਿਹਾ, " ਲਗਦਾ ਜੀ ਸਾਹਿਲ ਫੇਰ ਭੁੱਖਾ ਹੈ, ਇਹ ਅੰਕਲ ਦੇ ਢਾਬੇ ਵਾਲਾ ਬਚਿਆ ਦੁੱਧ ਹੀ ਕਿਧਰੋਂ ਗਰਮ ਕਰਵਾ ਦਿਓ।"

ਸਾਹਮਣੇ ਦਿੱਸਦੇ ਇੱਕ ਹੋਟਲ ਵਾਲੇ ਨੂੰ ਮੈਂ ਬੇਨਤੀ ਕੀਤੀ ਕਿ ਬੱਚੇ ਲਈ ਥੋੜ੍ਹਾ ਜਿਹਾ ਦੁੱਧ ਗਰਮ ਕਰ ਦਿਉਗੇ। ਉਸਨੇ ਬਿਨਾਂ ਸੰਕੋਚ ਦੇ ਕਿਹਾ, "ਹੋ ਜੂ ਸਰਦਾਰ ਜੀ ਪਰ ਦਸ ਰੁਪਏ ਲੱਗਣਗੇ।"

ਉਸ ਵੇਲੇ ਅਸੀਂ ਦੋਵੇਂ ਜੀਅ ਇਕ ਦੂਜੇ ਦਾ ਮੂੰਹ ਤੱਕਦੇ ਰਹਿ ਗਏ। ਮਨ ਵਿੱਚ ਇੱਕ ਅਜੀਬ ਜਿਹਾ ਪ੍ਰਸ਼ਨ ਉਭਰਿਆ ਕੀ ਇਹ ਹੋਟਲ ਵਾਲੇ ਗਰੀਬ ਹਨ ਜਾਂ ਉਹ ਪਿੰਡ ਦਾ ਢਾਬੇ ਵਾਲਾ ਬਜ਼ੁਰਗ ਹੀ ਅਸਲ 'ਚ ਅਮੀਰ ਸੀ। ਸ਼ਾਇਦ ਅਮੀਰੀ ਪੈਸਿਆਂ ਨਾਲ ਨਹੀਂ, ਦਿਲ ਦੀ ਵੱਡਿਆਈ ਨਾਲ ਮਾਪੀ ਜਾਂਦੀ ਹੈ। ਉਸ ਬਜ਼ੁਰਗ ਦੀ ਨਿਸ਼ਕਾਮਤਾ ਅੱਜ ਵੀ ਮੇਰੇ ਮਨ ਵਿੱਚ ਜਿੰਦਾ ਹੈ ਅਤੇ ਸਿਖਾਉਂਦੀ ਹੈ ਕਿ ਮਨੁੱਖਤਾ ਦੀ ਸੇਵਾ ਹੀ ਅਸਲ 'ਚ ਸਭ ਤੋਂ ਵੱਡੀ ਦੌਲਤ ਹੈ।

ਬਲਦੇਵ ਸਿੰਘ ਬੇਦੀ
ਜਲੰਧਰ
9041925181

ਚੋਣਾਂ ਤੇ ਲੋਕ ਫ਼ਤਵਾ

ਨਿੱਬੜ ਗਿਆ ਕੰਮ। ਆਖ਼ਰਕਾਰ ਹੋ ਹੀ ਗਈਆਂ, ਬਲਾਕ ਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚਿਰਾਂ ਤੋਂ ਲਟਕ ਰਹੀਆਂ ਚੋਣਾਂ। ਚਲੋ ਚੰਗਾ ਹੋਇਆ, ਯੱਭ ਵੱਢ ਹੋਇਆ ਤੇ ਰੌਲਾ ਮੁੱਕਿਆ। ਵੈਸੇ ਤਾਂ ਇਹਨਾਂ ਦਾ ਐਡਾ ਕੋਈ ਮਹੱਤਵ ਨੀ ਹੁੰਦਾ ਪਰ ਫਿਰ ਵੀ ਬਹੁਤ ਕੁੱਝ ਕਹਿ ਗਈਆਂ ਨੇ ਇਹ ਚੋਣਾਂ। ਪੜਚੋਲ ਕਰੀਏ ਤਾਂ ਇਹਨਾਂ ਚੋਣਾਂ ਦੌਰਾਨ ਭਵਿੱਖ ਦੇ ਕਈ ਨਵੇਂ ਤੇ ਅਲੱਗ ਰਾਜਨੀਤਿਕ ਸਮੀਕਰਨ ਸਾਹਮਣੇ ਆਏ ਨੇ। ਦੇਖਿਆ ਜਾਵੇ ਤਾਂ ਇੱਕ ਤਰਾਂ ਨਾਲ ਸਰਕਾਰ ਦੇ ਕੰਮਾਂ ਪ੍ਰਤੀ ਫ਼ਤਵਾ ਦਿੱਤਾ ਹੈ ਲੋਕਾਂ ਨੇ, ਇਹਨਾਂ ਚੋਣਾਂ ਰਾਹੀਂ। ਬੇਸ਼ੱਕ ਕੁੱਲ ਮਿਲਾ ਕੇ ਮੌਜੂਦਾ ਸਰਕਾਰ ਅਤੇ ਆਮ ਆਦਮੀ ਪਾਰਟੀ ਇਹ ਚੋਣਾਂ ਜਿੱਤ ਗਈ ਹੈ ਪਰ ਇਹਦੇ ਵਿੱਚ ਜਿਆਦਾਤਰ ਉਹ ਸੀਟਾਂ ਵੀ ਨੇ ਜਿਹਨਾਂ 'ਤੇ ਕੋਈ ਮੁਕਾਬਲਾ ਹੀ ਨਹੀਂ ਹੋਇਆ ਜਾਂ ਫਿਰ ਸਰਕਾਰ ਸਰਬਸੰਮਤੀ ਕਰਾਉਣ ਵਿੱਚ ਕਾਮਯਾਬ ਰਹੀ। ਸਰਕਾਰ ਵੱਲੋਂ ਥੋੜਾ ਬਹੁਤ ਧੱਕਾ ਵੀ ਹੋਇਆ ਤੇ ਐਨਾ ਕੁ ਸੱਤਾਧਾਰੀ ਧਿਰ ਕਰਦੀ ਵੀ ਆਈ ਹੈ।

ਸਮੀਖਿਆ ਦੌਰਾਨ ਸਭ ਤੋਂ ਪਹਿਲਾਂ ਅਕਾਲੀ ਦਲ ਦੀ ਗੱਲ ਕਰੀਏ ਤਾਂ ਕਈ ਮੁੱਖ ਆਗੂਆਂ ਵੱਲੋਂ ਵੱਖ ਹੋ ਕੇ ਆਪਣੀ ਅਲੱਗ ਨਵੀਂ ਪਾਰਟੀ 'ਪੁਨਰ ਸਰਜੀਤੀ ਅਕਾਲੀ ਦਲ' ਬਣਾਉਣ ਦੇ ਬਾਵਜੂਦ ਵੀ ਜਬਰਦਸਤ ਵਾਪਸੀ ਕੀਤੀ ਹੈ, ਅਕਾਲੀ ਦਲ ਨੇ। ਲੋਕਾਂ ਨੇ ਸਾਬਤ ਕਰ ਦਿੱਤਾ ਹੈ ਕਿ ਹਾਲੇ ਵੀ ਉਨ੍ਹਾਂ ਦੇ ਦਿਲਾਂ 'ਚੋਂ ਅਕਾਲੀ ਦਲ ਨੇ ਆਪਣੀ ਥਾਂ ਨਹੀਂ ਗੁਆਈ ਹੈ। ਸ਼ਾਇਦ ਸ਼੍ਰੋਮਣੀ ਅਕਾਲੀ ਦਲ ਤੋਂ ਬਿਨਾਂ ਕੋਈ ਹੋਰ ਨਾਂ ਲੋਕਾਂ ਦੇ ਮੂੰਹ ਹੀ ਨਹੀਂ ਚੜ੍ਹਦਾ। ਵੈਸੇ ਦੇਖਿਆ ਜਾਵੇ ਤਾਂ ਲੋਕ ਵੀ ਇਹ ਗੱਲ ਸਮਝਦੇ ਨੇ ਕਿ ਦਲ ਭਾਵੇਂ ਨਵਾਂ ਹੈ ਪਰ ਵਿੱਚ ਨੇਤਾ ਤਾਂ ਉਹੀ ਨੇ ਜੋ ਓਦੋਂ ਤਾਂ ਬਾਦਲਾਂ ਦੀਆਂ ਕਰਤੂਤਾਂ ਤੇ ਮਨਮਰਜ਼ੀ ਦੇ ਕੰਮਾਂ ਵਿੱਚ ਸ਼ਰੀਕ ਤੇ ਬਰਾਬਰ ਦੇ ਭਾਗੀਦਾਰ ਰਹੇ ਨੇ ਤੇ ਹੁਣ ਆਪਣੀਆਂ ਨਿੱਜੀ ਲੋੜਾਂ ਦੀ ਖਾਤਰ ਜਾਂ ਕਹਿ ਲਓ ਪਾਰਟੀ ਦੀ ਮਾੜੀ ਹਾਲਤ ਵੇਖ ਕੇ, ਪਤਲੀ ਗਲੀ ਨਿੱਕਲ ਕੇ, ਅਲੱਗ ਤੋਂ ਆਪਣੀ ਪਾਰਟੀ ਬਣਾ ਕੇ ਖੜੇ ਹੋ ਗਏ ਨੇ। ਲੋਕਾਂ ਦੇ ਮਨਾਂ ਵਿੱਚ ਇੱਕ ਸਵਾਲ ਤਾਂ ਹੈ, ਜਦੋਂ 'ਸਭ ਕੁਝ' ਹੋ ਰਿਹਾ ਸੀ, ਓਦੋਂ ਕਿੱਥੇ ਸੀ ਇਹ 'ਹਮਦਰਦ'? ਖ਼ੈਰ ਲੋਕਾਂ ਨੇ ਇਹਨਾਂ ਨੂੰ ਵੀ ਫ਼ਤਵਾ ਦੇ ਦਿੱਤਾ ਹੈ। ਉਂਝ ਜੇਕਰ ਦੇਖਿਆ ਜਾਵੇ ਤਾਂ ਪੰਜਾਬ ਦੇ ਭਲੇ ਲਈ ਇੱਕ ਮਜ਼ਬੂਤ ਖੇਤਰੀ ਪਾਰਟੀ ਦੀ ਬਹੁਤ ਲੋੜ ਹੈ ਜੋ, ਜੇਕਰ ਸੱਤਾ ਵਿੱਚ ਨਹੀਂ ਤਾਂ ਮੁੱਖ ਵਿਰੋਧੀ ਧਿਰ ਦੇ ਤੌਰ ਤੇ ਤਾਂ ਜ਼ਰੂਰ ਮੌਜੂਦ ਹੋਵੇ। ਬੇਸ਼ਰਤੇ ਕਿ ਉਹ ਖੇਤਰੀ ਪਾਰਟੀ ਇਮਾਨਦਾਰ ਹੋਵੇ ਤੇ ਕੇਂਦਰ ਦੀ ਹੱਥ ਠੋਕੀ ਨਾ ਹੋਵੇ। ਨਜ਼ਰ ਮਾਰੀਏ ਤਾਂ ਹਾਲ ਦੀ ਘੜੀ ਅਕਾਲੀ ਦਲ ਦੇ ਬਿਨਾਂ ਹੋਰ ਕੋਈ ਮਜ਼ਬੂਤ ਪਾਰਟੀ ਨਜ਼ਰ ਵੀ ਨਹੀਂ ਆ ਰਹੀ। ਸਮੇਂ ਦੀ ਲੋੜ ਹੈ ਅਕਾਲੀ ਆਪਣੀਆਂ ਅਤੀਤ ਦੀਆਂ ਗਲਤੀਆਂ ਤੋਂ ਸਬਕ ਲੈਣ, ਆਪਣੇ ਆਪ ਵਿੱਚ ਸੁਧਾਰ ਲਿਆਉਣ ਤੇ ਲੋਕ ਮਨਾਂ ਵਿੱਚ ਆਪਣੀ ਥਾਂ ਹੋਰ ਡੂੰਘੀ ਅਤੇ ਮਜ਼ਬੂਤ ਕਰਨ। ਜੇਕਰ ਲੰਗਾਹ ਤੇ ਵਲਟੋਹਾ ਜਿਹੇ ਆਗੂਆਂ ਨੂੰ ਲਗਾਮ ਪਾਈ ਹੁੰਦੀ ਤਾਂ ਹੋਰ ਵੀ ਬਿਹਤਰ ਨਤੀਜੇ ਮਿਲ ਸਕਦੇ ਸਨ ਅਕਾਲੀਆਂ ਨੂੰ।

ਕਾਂਗਰਸ ਦੀ ਗੱਲ ਕਰੀਏ ਤਾਂ "ਹਮਕੋ ਤੋ ਅਪਨੋਂ ਨੇ ਲੂਟਾ, ਗੈਰੋਂ ਮੇਂ ਕਹਾਂ ਦਮ ਥਾ, ਹਮਾਰੀ ਕਿਸ਼ਤੀ ਹੀ ਵਹਾਂ ਡੂਬੀ ਜਹਾਂ ਪਾਨੀ ਕਮ ਥਾ"। ਸੱਚੋ ਸੱਚ ਕਿਹਾ ਜਾਵੇ ਤਾਂ ਪਾਰਟੀ ਦੇ ਆਪਸੀ ਘਮਸਾਨ ਤੇ ਪਾਰਟੀ ਵਿੱਚ ਮੌਜੂਦ 'ਮੁੱਖ ਮੰਤਰੀਆਂ' ਦੀ ਖੇਡ/ਲੜਾਈ ਨੇ ਹੀ ਪਾਰਟੀ ਦਾ ਬੇੜਾ ਗਰਕ ਕਰ ਰੱਖਿਆ ਏ। ਜਮਾਂ "ਨੌਂ ਪੂਰਬੀਏ ਤੇਰਾਂ ਚੁੱਲ੍ਹੇ" ਵਾਲੀ ਗੱਲ ਹੋਈ ਪਈ ਏ। ਪਾਰਟੀ ਵਿੱਚ ਇੱਕ ਦੋ ਨਹੀਂ ਕਈ ਅੰਦਰੂਨੀ ਧੜੇ ਬਣੇ ਹੋਏ ਨੇ ਜੋ ਆਪਣੇ ਧੜੇ ਨੂੰ ਜਿਤਾਉਣ ਨਾਲੋਂ ਦੂਸਰੇ ਧੜਿਆਂ ਦੀਆਂ ਲੱਤਾਂ ਖਿੱਚਣ ਅਤੇ ਉਨ੍ਹਾਂ ਨੂੰ ਹਰਾਉਣ ਲਈ ਵੱਧ ਤੋਂ ਵੱਧ ਜ਼ੋਰ ਲਗਾਉਂਦੇ ਨੇ। ਇਹੀ ਕਾਟੋ ਕਲੇਸ਼ ਅਤੇ ਜ਼ੋਰ ਅਜ਼ਮਾਈ ਪਾਰਟੀ ਦਾ ਨੁਕਸਾਨ ਕਰ ਰਹੀ ਹੈ। ਬੇਸ਼ੱਕ ਇਨ੍ਹਾਂ ਚੋਣਾਂ ਵਿੱਚ ਕਈ ਥਾਵਾਂ 'ਤੇ ਪਾਰਟੀ ਨੇ ਵਧੀਆ ਅਤੇ ਸੰਤੋਸ਼ਜਨਕ ਪ੍ਰਦਰਸ਼ਨ ਕਰਿਆ ਹੈ ਪਰ ਆਪਸੀ ਖਹਿਬਾਜ਼ੀ ਅਤੇ ਇਕਜੁੱਟਤਾ ਦੀ ਕਮੀ ਸਪੱਸ਼ਟ ਤੌਰ ਤੇ ਦੇਖਣ ਵਿੱਚ ਸਾਹਮਣੇ ਆਈ ਹੈ। "ਕਣਕ ਖੇਤ, ਕੁੜੀ ਪੇਟ, ਆ ਜਵਾਈਆ ਮੰਡੇ ਖਾ", ਚੋਣਾਂ ਦਰਮਿਆਨ ਹੀ ਨਵਜੋਤ ਸਿੱਧੂ ਦੇ ਬਿਆਨਾਂ ਅਤੇ ਮੁੱਖ ਮੰਤਰੀ ਦੇ ਛਿੜੇ ਰਾਗ ਨੇ ਬਲ਼ਦੀ ਅੱਗ 'ਤੇ ਪੈਟਰੋਲ ਦਾ ਕੰਮ ਕਰਿਆ ਹੈ। ਬੇਸ਼ੱਕ ਕੌਮੀ ਪੱਧਰ ਤੇ ਰਾਹੁਲ ਗਾਂਧੀ ਦਿਨੋ-ਦਿਨ ਇੱਕ ਸਮਝਦਾਰ ਨੇਤਾ ਅਤੇ ਬੁਲਾਰੇ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆ ਰਿਹਾ ਹੈ ਪਰ ਪੰਜਾਬ ਵਿੱਚ ਇਸ ਗੱਲ ਦਾ ਕੋਈ ਲਾਭ ਮਿਲਦਾ ਦਿਖਾਈ ਨਹੀਂ ਦੇ ਰਿਹਾ। ਪਾਰਟੀ ਦੀ ਹਾਈ ਕਮਾਂਡ ਨੂੰ ਚਾਹੀਦਾ ਹੈ ਪੰਜਾਬ ਦੇ ਆਪਹੁਦਰੇ ਚੱਲ ਰਹੇ ਆਗੂਆਂ ਵੱਲ ਧਿਆਨ ਦੇਵੇ ਤੇ ਪਾਰਟੀ ਵਿੱਚ ਅਨੁਸ਼ਾਸਨ ਲਿਆਵੇ, ਤਾਂ ਹੀ ਕੁਝ ਹੋ ਸਕਦਾ ਹੈ। ਨਹੀਂ ਤਾਂ ਭਵਿੱਖ ਦੌਰਾਨ ਵੀ ਚੜ੍ਹਾਈ ਚੜ੍ਹਨ ਵੇਲੇ ਗੀਅਰ ਅੜਦਾ ਹੀ ਰਹੇਗਾ।

ਭਾਜਪਾ ਵਾਲਿਆਂ ਦੀ ਗੱਲ ਕਰੀਏ ਤਾਂ ਉਹਨਾਂ ਨੂੰ ਵੀ ਚਾਨਣ ਹੋ ਗਿਆ ਹੋਵੇਗਾ ਕਿ ਪਿੰਡਾਂ ਵਿੱਚ ਉਹਨਾਂ ਦੀ ਪਾਰਟੀ ਦਾ ਕੀ ਆਧਾਰ ਹੈ। ਖ਼ੈਰ ਇਹ ਚੋਣਾਂ ਉਹਨਾਂ ਵਾਸਤੇ ਭਵਿੱਖ ਲਈ ਰਣਨੀਤੀ ਬਣਾਉਣ ਵਿੱਚ ਜ਼ਰੂਰ ਸਹਾਈ ਹੋਣਗੀਆਂ।

ਆਖਰ ਵਿੱਚ ਮੌਜੂਦਾ ਸਰਕਾਰ ਬਾਰੇ ਗੱਲ ਕਰੀਏ ਤਾਂ ਬੇਸ਼ੱਕ ਜਿਆਦਾਤਰ ਸੀਟਾਂ ਤੇ ਜਿੱਤ ਪ੍ਰਾਪਤ ਕਰਨ ਵਿੱਚ ਕਾਮਯਾਬ ਰਹੀ ਹੈ ਪਰ ਇਸ ਜਿੱਤ ਵਾਸਤੇ ਜੋ ਹੱਥਕੰਡੇ ਤੇ ਤਰੀਕੇ ਅਪਣਾਏ ਗਏ ਨੇ, ਵਾਅਦੇ ਕਰੇ ਗਏ ਨੇ, ਲਾਰੇ ਲਾਏ ਗਏ ਨੇ, ਉਹ ਸਰਕਾਰ ਵੀ ਜਾਣਦੀ ਹੈ ਤੇ ਲੋਕਾਂ ਨੂੰ ਵੀ ਪਤਾ ਹੈ। ਮੰਨੇ ਨਾ ਮੰਨੇ ਸਰਕਾਰ ਨੂੰ ਢਾਹ ਜ਼ਰੂਰ ਲੱਗੀ ਹੈ। ਵੱਡੇ ਆਗੂਆਂ ਦਾ ਆਪਣੇ ਘਰਾਂ ਅੰਦਰ ਹੀ ਹਾਰਨਾ ਪਾਰਟੀ ਵਾਸਤੇ ਬਹੁਤ ਵੱਡਾ ਸੰਕੇਤ ਦੇ ਗਿਆ ਹੈ। ਅਜਿਹੇ ਵਿੱਚ ਸਰਕਾਰ ਨੂੰ ਚਾਹੀਦਾ ਹੈ ਕਿ ਲੋਕਾਂ ਦੇ ਫ਼ਤਵੇ ਨੂੰ ਮੱਦੇਨਜ਼ਰ ਰੱਖਦੇ ਹੋਏ ਆਪਣੇ ਕੰਮ-ਕਾਰ ਦੇ ਤਰੀਕੇ ਵਿੱਚ ਸੁਧਾਰ ਕਰੇ, ਕਰੇ ਹੋਏ ਵਾਅਦਿਆਂ ਨੂੰ ਲਾਰਿਆਂ ਵਿੱਚ ਨਾ ਬਦਲੇ, ਸਮਾਜ ਵਿੱਚ ਫੈਲੇ ਨਸ਼ਿਆਂ ਨੂੰ ਠੱਲ ਪਾਵੇ ਤੇ ਅਪਰਾਧੀਆਂ ਤੇ ਸਖ਼ਤੀ ਕਰਦੇ ਹੋਏ ਅਮਨ ਕਾਨੂੰਨ ਦੀ ਸਥਿਤੀ ਨੂੰ ਬਿਹਤਰ ਬਣਾਵੇ। ਤਕਰੀਬਨ ਡੇਢ ਕੁ ਸਾਲ ਦਾ ਸਮਾਂ ਬਾਕੀ ਰਹਿ ਗਿਆ ਹੈ ਜੋ ਕਿ ਬਹੁਤ ਥੋੜਾ ਹੈ। ਇਸ ਦੌਰਾਨ ਜੇਕਰ ਕਾਰਗੁਜ਼ਾਰੀ ਵਿੱਚ ਸੁਧਾਰ ਹੁੰਦਾ ਹੈ ਤਾਂ ਠੀਕ ਹੈ, ਨਹੀਂ ਫਿਰ ਲੋਕ ਤਾਂ ਆਪਣਾ ਫ਼ਤਵਾ ਦੇ ਹੀ ਦੇਣਗੇ।

ਗੁਰਜਿੰਦਰ ਸਿੰਘ ਸਾਹਦੜਾ
9815302341

Namo Buddhaye
Jai Bheem
DHAMMA WAVES
Watch us Live on Facebook every Sunday at 8 pm Indian Time
live call : +91-966-797-2248
E-mail : dhammawaves.info@gmail.com
Follow Us : www.Dhammawaves.com Dhammawaves
E-mail : dhammawaves.info@gmail.com
Ven.Bhadant Vimalakitti Gunasiri
Dhamm Desna By : Ven.Bhadant Vimalakitti Gunasiri
Topic: Buddha Dhamma vs Superstition and Blind Faith
बुद्ध धम्म बनाम अंधविश्वास और अंधभक्ति
Topic: Buddhist Population and Census of India-2027
भारत में बुद्धों की आबादी और जनगणना-2027
Sunday Dec.21st,25 at 8 PM Indian Time Live on Facebook
Guest Speaker : Mr.S.R.Darapuri (Ex IPS Officer)

ਕਲਾ ਵਾਹਿਗੁਰੂ ਦੀ
ਪੇਂਟਿੰਗ
Painting
ਆਪਣੇ ਸੁਪਨਿਆਂ, ਬਜ਼ੁਰਗਾਂ, ਮਿਤੱਰ ਪਿਆਰਿਆਂ ਦੀਆਂ ਪੇਂਟਿੰਗ ਬਣਾ ਕੇ ਆਪਣੇ ਘਰਾਂ ਨੂੰ ਚਾਰ ਚੰਨ ਲਗਾਓ ਜੀ
DELIVERY ALL WORLD
Payment in Advance
ਪੇਂਟਿੰਗ ਲਈ ਫੋਟੋ ਵਟਸਐਪ ਨੰਬਰ +91-97794-70626 ਤੇ ਭੇਜੋ
ਚਿੱਤਰਕਾਰ ਰਾਜੇਸ਼ ਨਾਗਰਾ

ਗੱਲਾਂ ਵਿੱਚ ਗੱਲ ਕਹਿਣ ਦੀ ਕਲਾ

ਹਰ ਆਦਮੀ ਦੀ ਗੱਲ ਕਰਨ ਦਾ ਤਰੀਕਾਂ ਹੁੰਦਾ ਹੈ।ਬਹੁਤੇ ਲੋਕ ਗੱਲਾਂ ਦਾ ਖੱਟਿਆ ਹੀ ਖਾਂਦੇ ਹਨ। ਗੱਲਾਂ ਗੱਲਾਂ ਵਿੱਚ ਹੀ ਦਿਲ ਦੀ ਗੱਲ ਕਹਿ ਜਾਂਦੇ ਹਨ। ਜਾ ਉਹ ਕਹਿ ਦਿੰਦੇ ਹਨ ਜ਼ੋ ਉਹ ਕਹਿਣਾ ਤਾਂ ਚਾਹੁੰਦੇ ਹਨ ਪਰ ਸਿੱਧੇ ਰੂਪ ਵਿੱਚ ਨਹੀ।ਉਸ ਨੂੰ ਵੱਲ ਫਰੇਬ ਨਾਲ ਕਹਿੰਦੇ ਹਨ। ਮਤਲਬ ਕਿਸੇ ਹੋਰ ਤਰੀਕੇ ਨਾਲ ਆਪਣੀ ਗੱਲ ਦੂਜੇ ਬੰਦੇ ਕੋਲ ਪਹੁੰਚਾ ਦਿੰਦੇ ਹਨ। ਤੇ ਕਈ ਵਿਚਾਰੇ ਜ਼ੋ ਇਸ ਕਲਾ ਤੋਂ ਅਣਜਾਣ ਹੁੰਦੇ ਹਨ ਬੱਸ ਠਾਹ ਸੋਟਾ ਮਾਰਦੇ ਹਨ। ਤੇ ਗੱਲ ਵਿਗੜ ਜਾਂਦੀ ਹੈ।ਤੇ ਕਈ ਵਾਰੀ ਇਸ ਤਰਾਂ ਦੀ ਗੱਲ ਕਹੀ ਭਾਨੀ ਵੀ ਬਣ ਜਾਂਦੀ ਹੈ।ਸਿਆਣੇ ਲੋਕ ਭਾਨੀ ਵੀ ਖੰਡ ਦੀ ਚਾਸ਼ਨੀ ਚੜ੍ਹਾਕੇ ਮਾਰਦੇ ਹਨ। ਯਾਨਿ ਮਿੱਠੀ ਭਾਨੀ। ਹਿੰਦੀ ਫਿਲਮ ਸ਼ੋਅਲੇ ਬਹੁਤ ਹੀ ਸੁਪਰਹਿੱਟ ਫਿਲਮ ਸੀ ਅੱਜ ਵੀ ਉਸਦੇ ਡਾਇਲਾਗ ਮਸ਼ਹੂਰ ਹਨ। ਫਿਲਮ ਵਿੱਚ ਜਦੋਂ ਅਮਿਤਾਬ ਬੱਚਨ ਧਰਮਿੰਦਰ ਅਤੇ ਹੇਮਾਂ ਮਾਲਿਨੀ (ਬਸੰਤੀ) ਦੇ ਵਿਆਹ ਦੀ ਗੱਲ ਕਰਨ ਮਾਸੀ ਕੋਲੇ ਜਾਂਦਾ ਹੈ ਤਾਂ ਉਹ ਇਸੇ ਕਲਾ ਦਾ ਪ੍ਰਯੋਗ ਕਰਦਾ ਹੈ। ਚਾਹੇ ਫਿਲਮ ਵਿੱਚ ਇਹ ਸੰਵਾਦ ਹਾਸੀ ਲਈ ਹੀ ਪਾਇਆ ਗਿਆ ਸੀ ਪਰ ਸਾਡੇ ਸਮਾਜ ਦੀ ਅਸਲ ਤਸਵੀਰ ਪੇਸ਼ ਕੀਤੀ ਸੀ। ਇਹ ਇੱਕ ਵਿਅੰਗ ਵੀ ਸੀ ਸਮਾਜ ਦੇ ਲੋਕਾਂ ਦੇ ਕਿਰਦਾਰ ਤੇ।ਜਿਸ ਤਰਾਂ ਅੱਜ ਦੇ ਚਲਾਕ ਲੋਕ ਭਾਨੀ ਮਾਰਦੇ ਹਨ ਇਹ ਵੀ ਤਾਂ ਭਾਨੀ ਹੀ ਸੀ।

ਜਦੋ ਅਸੀ ਕਾਲਜ ਪੜ੍ਹਦੇ ਸੀ ਤਾਂ ਸਾਡੇ ਇੱਕ ਪ੍ਰੋਫੈਸਰ ਸਾਹਿਬ ਕਾਲਜ ਦੇ ਪਿੰਸੀਪਲ ਸਾਹਿਬ ਕੋਲੇ ਗਏ ਅਤੇ ਕਹਿੰਦੇ ਸਰ ਜੀ ਆਪਣੇ ਕਾਲਜ ਦੇ ਹੋਸਟਲ ਦੀ ਹਾਲਤ ਬੁਰੀ ਹੋ ਰਹੀ ਹੈ। ਖਿੜ੍ਹਕੀਆਂ ਦੇ ਸ਼ੀਸੇ ਟੁੱਟੇ ਹੋਏ ਹਨ। ਚੁਗਾਠਾਂ ਨੂੰ ਸਿਉਂਕ ਲੱਗ ਗਈ ਹੈ। ਜੇ ਤੁਸੀ ਮੈਨੂੰ ਹੋਸਟਲ ਦਾ ਇੰਚਾਰਜ ਬਣਾ ਦਿਉ ਤਾਂ ਮੈ ਮਿਸਤਰੀ ਲਗਵਾਕੇ ਠੀਕ ਕਰਵਾ ਦੇਵਾਂਗਾ। ਤੁਸੀ ਹੋਸਟਲ ਦਾ ਇੰਚਾਰਜ ਬਨਣਾ ਚਾਹੁੰਦੇ ਹੋ ਜਾ ਹੋਸਟਲ ਦੀ ਮਾੜੀ ਹਾਲਤ ਦਾ ਫਿਕਰ ਕਰਦੇ ਹੋ। ਪਿੰਸੀਪਲ ਸਾਹਿਬ ਨੇ ਉਸ ਦੀ ਗੱਲਾਂ ਵਿੱਚਲੀ ਗੱਲ ਦੀ ਮੰਸ਼ਾ ਦਾ ਚੋੜੇ ਚਿੱਟੇ ਹੀ ਖੁਲਾਸਾ ਕਰ ਦਿੱਤਾ। ਕਈ ਵਾਰੀ ਮੈਨੂੰ ਇਹ ਗੱਲ ਯਾਦ ਆਉਂਦੀ ਹੈ ਤੇ ਮੈ ਗੱਲਾਂ ਵਿਚੋ ਗੱਲ ਕਰਨ ਦੀ ਉਸ ਕਲਾ ਬਾਰੇ ਸੋਚਦਾ ਹਾਂ। ਇਕ ਵਾਰੀ ਕਿਸੇ ਬੰਦੇ ਨੂੰ ਰਿਸ਼ਤਾ ਹੋਣ ਲੱਗਿਆ । ਗੱਲ ਬਾਤ ਲੱਗਭਗ ਸਿਰੇ ਚੜ੍ਹ ਗਈ ਸੀ ।ਕੋਈ ਨੇੜੇ ਦਾ ਆਦਮੀ ਆਇਆ ਤੇ ਕਹਿੰਦਾ ਚੰਗਾ ਵੀ ਭਰਾਵਾ ਤੈਨੂੰ ਵਧਾਈਆਂ। ਬਹੁਤ ਵਧੀਆ ਹੋਇਆ। ਰੱਬ ਨੇ ਤੇਰੀ ਚੰਗੀ ਸੁਣ ਲਈ। ਹੁਣ ਜਿਵੇ ਤੈਨੂੰ ਔਖਾ ਸੌਖਾ ਰਿਸ਼ਤਾ ਹੋ ਗਿਆ ਉਵੇ ਹੁਣ ਹੋਲੀ ਹੋਲੀ ਮਿਰਗੀ ਵੀ ਹੱਟ ਜਾਵੇਗੀ। ਲੜਕੀਆਂ ਵਾਲਿਆਂ ਨੇ ਮਿਰਗੀ ਦਾ ਨਾਮ ਸੁਣਕੇ ਹੀ ਸਿਰ ਹਿਲਾ ਦਿੱਤਾ ਅਤੇ ਲਿਆਂਦਾ ਸਗਨ ਦਾ ਸਮਾਨ ਵਾਪਿਸ ਲੈ ਤੁਰਦੇ ਬਣੇ। ਤੇ ਉਹ ਆਪਣੀ ਆਪਣੀ ਭਾਨੀ ਮਾਰਨ ਵਾਲੀ ਆਦਤ ਪੁਗਾ ਗਿਆ ਸੀ।ਇਸੇ ਤਰਾਂ ਕਹਿੰਦੇ ਕਿਸੇ ਦੀ ਕਮੀਜ ਦਾ ਬਟਨ ਟੁੱਟਿਆ ਸੀ। ਵੇਖਦਾ ਤਾਂ ਉਹ ਵੀ ਸੀ ਪਰ ਘਰਵਾਲੀ ਨੂੰ ਕਹਿਦਾ ਨਹੀ ਸੀ। ਇਕ ਦਿਨ ਉਸਨੇ ਵੇਖਿਆ ਕਿ ਉਸਦੀ ਘਰਵਾਲੀ ਉਸਦੇ ਪਜਾਮੇ ਦੇ ਪੌਂਚੇ ਦੀ ਤਰਪਾਈ ਕਰ ਰਹੀ ਸੀ। ਚੱਲ ਸੁਕਰ ਹੈ ਜਿਵੇ ਪਜਾਮੇ ਦੀ ਸੁਣੀ ਗਈ ਉਵੇ ਕਦੇ ਬਟਨ ਦੀ ਵੀ ਸੁਣੀ ਜਾਊਗੀ। ਤੇ ਭਲੀ ਮਾਨਸ ਸਮਝ ਗਈ ਅਤੇ ਝੱਟ ਕਮੀਜ ਦਾ ਬਟਨ ਵੀ ਲਗਾ ਦਿੱਤਾ।ਅਕਸਰ ਮੁੰਡੇ ਕੁੜੀ ਦੇ ਰਿਸ਼ਤਿਆਂ ਦੇ ਮੋਕੇ ਵੀ ਲੋਕੀ ਗੱਲਾਂ ਵਿੱਚ ਗੱਲ ਕਰਕੇ ਹੀ ਆਪਣੀ ਜਮੀਨ ਜਾਇਦਾਦ ਬਾਰੇ ਅਸਿੱਧੀ ਸੇਖੀ ਮਾਰਦੇ ਹਨ। ਤੇ ਇਸ ਤਰਾਂ ਹੀ ਆਪਣੇ ਭਾਈਚਾਰੇ ਦੇ ਆਪਸੀ ਪਿਆਰ ਅਤੇ ਸਹਿਚਾਰ ਬਾਰੇ ਦੱਸਦੇ ਹਨ। ਬਹੁਤੇ ਲੋਕ ਲੀਡਰਾਂ ਅਫਸਰਾਂ ਕੋਲ ਜਾ ਕੇ ਹੋਰ ਤੇ ਹੋਰ ਗੱਲਾਂ ਕਰਦੇ ਕਰਦੇ ਆਪਣੇ ਮਤਲਬ ਦੀ ਗੱਲ ਕਹਿ ਜਾਂਦੇ ਹਨ ਅਤੇ ਆਪਣਾ ਮਤਲਬ ਪੂਰਾ ਕਰ ਲੈਂਦੇ ਹਨ। ਇਹੀ ਤਾਂ ਗੱਲਾਂ ਵਿੱਚ ਗੱਲ ਕਰਨ ਦੀ ਕਲਾ ਹੁੰਦੀ ਹੈ। ਅਤੇ ਸਮਝਣ ਵਾਲਾ ਸਮਝ ਜਾਂਦਾ ਹੈ ਕਿ ਹੁਣ ਇਹ ਗੱਲਾਂ ਗੱਲਾਂ ਵਿੱਚ ਕੀ ਅਤੇ ਕਿਉ ਗੱਲ ਕਰ ਰਿਹਾ ਹੈ।

ਰਮੇਸ਼ ਸੇਠੀ ਬਾਦਲ
ਮੋ 98 766 27 233

ਸਿੱਖਣ ਦੀਆਂ ਪੌੜੀਆਂ

ਕੋਈ ਵੀ ਕੰਮ ਕਰਦੇ ਹੋ ਜਾਂ ਕੋਈ ਵੀ ਕੰਮ ਕੀਤਾਂ ਗਿਆ ਹੈ।ਪਰ ਉਸ ਵਿੱਚ ਕਮੀ ਕੀ ਹੈ,ਉਸ ਦਾ ਪੈਮਾਨਾ ਕੀ ਹੈ,ਉਸ ਦੇ ਪਿੱਛੇ ਦਾ ਇਤਿਹ-ਾਸ ਕੀ ਹੈ?ਉਸ ਨੂੰ ਹੋਰ ਵੀ ਵਧੀਆ ਬਣਾਉਣ ਦੇ ਲਈ ਸਾਡੇ ਕੋਲ ਉਹ ਸੱਭ ਕੁਝ ਹੈ,ਜਿਸ ਨਾਲ ਅਸੀ ਹੋਰ ਵੀ ਵਧੀਆ ਕਰ ਸਕਦੇ ਸੀ।ਸਾਨੂੰ ਇਸ ਤਰਾਂ ਦੇ ਸਵਾਲਾਂ ਨੂੰ ਪਹਿਲਾਂ ਹੀ ਘੋਕ ਲੈਣਾ ਠੀਕ ਚਾਹੀਦਾ ਸੀ,ਕਿਉਕਿ ਇਹ ਸਾਨੂੰ ਸੁਧਾਰ ਕਰਨ ਵਿੱਚ ਬਹੁਤ ਮਦਦ ਕਰਦੇ ਹਨ,ਸਾਨੂੰ ਸੁਧਰਨ ਦਾ ਮੌਕਾ ਦਿੰਦੇ ਹਨ।ਹਾਲਾਂਕਿ ਕੁਝ ਲੋਕ ਆਪਣੇ ਹਾਊਮੇ ਦੇ ਘੇਰੇ ਅੰਦਰ ਫ਼ਸੇ ਹੋਏ ਹਨ,ਅਜਿਹਾ ਕਰਨ ਨਾਲ ਪਿੱਛਲੇ ਕੀਤੇ ਕਰਾਏ ਤੇ ਪਾਣੀ ਫੇਰਨ ਵਾਲੀ ਗੱਲ ਹੁੰਦੀ ਹੈ।ਪਰ ਸੱਚਾਈ ਇਹ ਹੈ ਕਿ ਕੰਮ ਦੇ ਪ੍ਰਤੀ ਕਿਸੇ ਕੋਲੋ ਸਲਾਹ ਲੈਣੀ ਅਤੇ ਉਸ ਸਲਾਹ ਨੂੰ ਸਮਝਦੇ ਹੋਏ ਲਾਗੂ ਕਰਨਾ ਅੱਛੇ ਦਿਮਾਗ ਵਾਲੇ ਦੀ ਨਿਸ਼ਾਨੀ ਹੈ।ਸਾਡੇ ਵਿੱਚੋ ਬਹੁਤੇ ਇਹਨਾਂ ਤਜੱਰਬਿਆਂ ‘ਚੋ ਨਿਕਲੇ ਹੋਏ ਹਨ।ਸਾਡੀ ਜਿੱਥੇ ਵੀ ਲੋੜ ਪਈ ਹੈ ਅਸੀ ਡੱਟ ਕੇ ਮਦਦ ਕੀਤੀ ਹੈ।ਇਹ ਦੂਜੇ ਖੇਤਰਾਂ ਵਿੱਚ ਵੀ ਲਾਭਦਾਇਕ ਸਿੱਧ ਹੋਇਆ ਹੈ। ਵਿਡੰਬਨਾ ਇਹ ਹੈ ਕਿ ਬਹੁਤ ਘੱਟ ਲੋਕ ਹੀ ਇਸ ਨੂੰ ਹਜ਼ਮ ਕਰ ਪਾਏ ਹਨ।ਕਿਸੇ ਕੋਲੋ ਉਸ ਦੇ ਬਾਰੇ ਵਿੱਚ ਪੁੱਛਣਾ ਅਕਸਰ ਨਕਾਰਾਤਮਕ ਸਮਝਿਆ ਜਾਂਦਾ ਹੈ।ਜੇਕਰ ਅਸੀ ਕਾਰਨ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਇਹ ਸੰਭਾਵਨਾ ਬਣਦੀ ਹੈ ਕਿ ਇਹ ਸਾਡੇ ਸਭਿਆਚਾਰ ਦਾ ਹਿੱਸਾ ਨਹੀ ਰਿਹਾ ਹੈ।ਇਸ ਲਈ ਲੋਕ ਆਪਣੇ ਕੀਤੇ ਹੋਏ ਕੰਮ ਨੂੰ ਹੀ ਸੰਪੂਰਨ ਕੰਮ ਸਮਝਦੇ ਹਨ ਅਤੇ ਇਸ ਦੇ ਬਾਰੇ ਵਿੱਚ ਕਿਸੇ ਕੋਲੋ ਸੁਣਨਾ ਆਲੋਚਨਾ ਸਮਝਦੇ ਹਨ।ਇਹੀ ਕਾਰਨ ਹੈ ਕਿ ਅਕਸਰ ਲੋਕ ਕਿਸੇ ਨੂੰ ਸਲਾਹ ਦੇਣਾ ਵੀ ਠੀਕ ਨਹੀ ਸਮਝਦੇ।ਇਸ ਲਈ ਸਲਾਹ ਲੈਣਾ ‘ਤੇ ਸਲਾਹ ਦੇਣਾ ਦੋਵੇਂ ਧਿਰਾਂ ਠੀਕ ਨਹੀ ਸਮਝਦੀਆਂ,ਇਸ ਕਾਰਨ ਇਹ ਹੈ ਕਿ ਅਸੀ ਖੁਦ ਕੁਝ ਨਵਾਂ ਸਿੱਖਣਾ ਅਤੇ ਕਿਸੇ ਨੂੰ ਕੁਝ ਨਵਾਂ ਸੋਚਣ ਦੀ ਸੰਭਾਵਨਾ ਨੂੰ ਖਤਮ ਕਰ ਰਹੇ ਹਾਂ।ਜਦ ਕਿ ਸਾਡੇ ਕੰਮ ਵਿੱਚ ਕਿਸੇ ਦੀ ਸਲਾਹ ਲੈਣਾ ਇਕ ਮੌਕੇ ਵਜੋਂ ਦੇਖਿਆ ਜਾਣਾ ਚਾਹੀਦਾ ਹੈ।

ਦਰਅਸਲ,ਇਕ ਨਵਾਂ ਵਿਅਕਤੀ ਸਾਡੇ ਕੰਮ ਨੂੰ ਇਕ ਨਵੇ ਦ੍ਰਿਸ਼ਟੀਕੋਣ ਤੋਂ ਦੇਖਦਾ ਹੈ।ਇਸ ਸਥਿੱਤੀ ਵਿੱਚ ਨੁਕਤੇ ਅਤੇ ਵਿਚਾਰ ਸਪੱਸ਼ਟ ਹੋ ਜਾਂਦੇ ਹਨ।ਜੋ ਕਿ ਪਹਿਲਾਂ ਗਾਇਬ ਹੁੰਦੇ ਹਨ।ਇਹ ਸਾਡੇ ਕੰਮ ਅਤੇ ਉਸ ਦੀ ਗੁਣਵੱਤਾ ਨੂੰ ਹੋਰ ਵੀ ਬਿਹਤਰ ਬਣਾਉਦਾ ਹੈ।ਹੁਣ ਸਵਾਲ ਇਹ ਹੈ ਕਿ ਇਸ ਵਿਕਲਪ ਨੂੰ ਬੰਦ ਕਿਉਂ ਕਰੀਏ?ਜਿਵੇਂ ਅਸੀ ਸਕੂਲ ਵਿੱਚ ਬਹੁਤ ਸਾਰੀਆਂ ਚੀਜ਼ਾਂ ਸਿੱਖਦੇ ਹਾਂ,ਸਾਨੂੰ ਇਹ ਵੀ ਸਿੱਖਣਾ ਚਾਹੀਦਾ ਹੈ ਕਿ ਇਕ ਵਿਅਕਤੀ ਦੇ ਜੀਵਨ ਵਿੱਚ ਇਕ ਬਿਹਤਰ ਵਿਅਕਤੀ ਬਣਨ ਲਈ ਇਹ ਕਿਵੇਂ ਮਾਇਨੇ ਰੱਖਦਾ ਹੈ।ਇਹ ਸਾਨੂੰ ਦੂਜਿਆਂ ਦੇ ਵਿਚਾਰਾਂ ਨੂੰ ਸੁਣਨਾ ਅਤੇ ਸਤਿਕਾਰ ਕਰਨਾ, ਸਿੱਖਣ ਵਿੱਚ ਮਦਦ ਕਰਦਾ ਹੈ।ਅਸੀ ਇਸ ਵਿੱਚ ਵੀ ਲੋਕਤੰਤਰੀ ਬਣਦੇ ਜਾ ਰਹੇ ਹਾਂ ਕਿ ਕੋਈ ਹੋਰ ਵੀ ਕੁਝ ਜਾਣਦਾ ਹੈ,ਉਹ ਵੀ ਅਕਸਰ ਸਾਡੇ ਤੋਂ ਵੀ ਬਿਹਤਰ।ਇਸ ਤਰਾਂ ਅਸੀ ਸਮਾਜ ਦੇ ਇਕ ਸੰਵੇਦਨਸ਼ੀਲ ਨਾਗਰਿਕ ਬਣਨ ਦੀ ਪ੍ਰਕਿਰਿਆ ਵਿੱਚ ਹਿੱਸਾ ਲੈਦੇ ਹਾਂ।

ਇਹ ਘਰ ਅਤੇ ਸਕੂਲ ਦੋਵਾਂ ਤੋਂ ਸ਼ੁਰੂ ਹੋਣਾ ਚਾਹੀਦਾ ਹੈ,ਕਿਉਕਿ ਇਸ ਨੂੰ ਸਿੱਖਣ ਲਈ ਸਮਾਂ ਲੱਗਦਾ ਹੈ।ਇਹ ਭਵਿੱਖ ਵਿੱਚ ਦੋਵਾਂ ਲਈ ਇਕ ਲਾਭਦਾਇਕ ਪ੍ਰਕਿਰਿਆ ਸਾਬਤ ਹੋਵ-ੇਗਾ।ਅਕਸਰ ਪਰਿਵਾਰ ਵਿੱਚ ਇਹ ਦੇਖਿਆ ਜਾ ਰਿਹਾ ਹੈ ਕਿ ਕਿਸੇ ਵੀ ਤਰਾਂ ਦੀ ਪ੍ਰਤੀਕਿਰਿਆ ਲੜਾਈਆਂ ਅਤੇ ਮਤਭੇਦਾਂ ਵੱਲ ਲੈ ਜਾਂਦੀ ਹੈ।ਜਦ ਕਿ ਅਜਿਹਾ ਨਹੀ ਹੋਣਾ ਚਾਹੀਦਾ,ਇਹ ਸਾਡੇ ਰਿਸ਼ਤੇ ਵਿਗਾੜਦਾ ਹੈ ਅਤੇ ਸਾਡੇ ਕੰਮ ਨੂੰ ਪ੍ਰਭਾਵਿਤ ਕਰਦਾ ਹੈ।ਜੇਕਰ ਅਸੀ ਇਸ ਨੂੰ ਖੁੱਲੇ ਮਨ ਨਾਲ ਸਵੀਕਾਰ ਕਰਦੇ ਹਾਂ ਤਾਂ ਇਸ ਦਾ ਹੱਲ ਹੋ ਸਕਦਾ ਹੈ।ਪਰ ਇਹ ਸਿਰਫ਼ ਬੋਲਣ ਲਈ ਹੈ।ਅਸਲ ਵਿੱਚ ਜਦੋਂ ਕੋਈ ਸਲਾਹ ਦਿੰਦਾ ਹੈ ਤਾਂ ਅਸੀ ਉਸ ਵਿਅਕਤੀ ਨੂੰ ਮੰਦਾ ਚੰਗਾ ਬੋਲਦੇ ਹਾਂ।ਦਰਅਸਲ ਅਸੀ ਵਿਅਕਤੀ ਨੂੰ ਸੁਧਾਰਣ ਨਾਲੋ ਸਬੰਧਾਂ ਬਾਰੇ ਜਿਆਦਾ ਚਿੰਤਤ ਹੁੰਦੇ ਹਾਂ। ਜੇਕਰ ਸਾਡੇ ਕੋਲ ਸੱਚਮੁੱਚ ਕਿਸੇ ਦੇ ਸੁਭਚਿੰਤਕ ਹਨ ਜਾਂ ਕੋਈ ਅਜਿਹਾ ਵਿਅਕਤੀ ਹੈ ਜੋ ਸਾਡੇ ਹਿੱਤਾਂ ਨੂੰ ਦਿਲੋਂ ਸਮਝਦਾ ਹੈ,ਤਾਂ ਉਹ ਸਾਨੂੰ ਤਰੱਕੀ ਕਰਦੇ ਦੇਖ ਕੇ ਖੁਸ਼ ਨਹੀ ਹੋਣਗੇ।ਉਹ ਸਾਡੀਆਂ ਕਮੀਆਂ ਅਤੇ ਗਲਤੀਆਂ ਵੱਲ ਇਸ਼ਾਰਾ ਕਰਨਗੇ ਅਤੇ ਸਾਨੂੰ ਸੁਧਾਰਨ ਦੀ ਕੋਸ਼ਿਸ਼ ਕਰਨਗੇ।ਇਹ ਸਾਡੇ ਸਿੱਖਣ ਦੀ ਪ੍ਰਕਿਰਿਆ ਵਿੱਚ ਇਕ ਮਹੱਤਵ ਪੂਰਨ ਪੜਾਅ ਹੈ।ਦਰਅਸਲ,ਵਿਅਕਤੀ ਜਨਮ ਤੋਂ ਲੈ ਕੇ ਮੌਤ ਤੱਕ ਨਵੀਆਂ ਚੀਜ਼ਾਂ ਸਿੱਖਦੇ ਰਹਿੰਦੇ ਹਨ,ਅਤੇ ਉਹਨਾਂ ਨੂੰ ਸਿਖਣਾ ਵੀ ਚਾਹੀਦਾ ਹੈ।ਇਹ ਸਾਨੂੰ ਅੱਗੇ ਵਧਣ ਅਤੇ ਆਪਣੇ ਸੱਭ ਤੋਂ ਵਧੀਆ ਆਪ ਨੂੰ ਬਾਹਰ ਲਿਆਉਣ ਵਿੱਚ ਮਦਦ ਕਰਦਾ ਹੈ। ਏਥੇ ਸਵਾਲ ਇਹ ਹੈ ਕਿ ਇਸ ਅਨਮੋਲ ਪ੍ਰਕਿਰਿਆ ਨੂੰ ਕਿਉਂ ਨਜ਼ਰ ਅੰਦਾਜ਼ ਕੀਤਾ ਜਾਣਾ ਚਾਹੀਦਾ ਹੈ?ਜਿਥੋਂ ਤੱਕ ਰਿਸ਼ਤਿਆਂ ਦੀ ਗੱਲ ਹੈ,ਇਹ ਮਜ਼ਬੂਤ ਰਿਸ਼ਤਿਆਂ ਨੂੰ ਵਧਾਉਂਦਾ ਹੈ।ਜੇਕਰ ਅਸੀ ਸਾਰੇ ਆਪਣੇ ਆਲੇ ਦੁਆਲੇ ਅਨੁਭਵਾਂ ਨੂੰ ਦੇਖੀਏ,ਤਾਂ ਅਸੀ ਦੇਖਾਂਗੇ ਕਿ ਇਹਨਾਂ ਨੇ ਸਾਡੇ ਸਬੰਧਾਂ ਨੂੰ ਮਜ਼ਬੂਤ ਬਣਾਇਆ ਹੈ।ਹਾਂ,ਇਸ ਵਿੱਚ ਸਮਾਂ ਲੱਗਦਾ ਹੈ।ਇਸ ਵਿੱਚ ਮੁਸ਼ਕਲ ਇਕ ਹੈ ਕਿ ਕਈ ਵਾਰ ਸਾਡੀ ਰਾਏ ਕੋਈ ਖਾਸ ਕੰਮਾਂ ਬਾਰੇ ਨਹੀ,ਸਗੋਂ ਇਸ ਨੂੰ ਕਰਨ ਵਾਲੇ ਵਿਅਕਤੀ ਬਾਰੇ ਕੀਤੀ ਜਾਂਦੀ ਹੈ।ਕਈ ਵਾਰ ਇਹਦੇ ਨਾਲ ਗੱਲ ਹੋਰ ਵਿਗੜ ਜਾਦੀ ਹੈ।ਇਸ ਦਾ ਇਕ ਵੱਡਾ ਹੋਰ ਵੀ ਨੁਕਸਾਨ ਹੈ ਕਿ ਇਹ ਸਾਡੇ ਸਮਾਜ ਨੂੰ ਕੁਝ ਨਵਾਂ ਕਰਨ ਅਤੇ ਸੋਚਣ ਤੋਂ ਰੋਕਦਾ ਹੈ।ਇਹ ਸਮਾਜ ਦੇ ਤੌਰ ‘ਤੇ ਸਾਡੇ ਲਈ ਨੁਕ-ਸਾਨਦੇਹ ਹੈ।

ਸਾਡੇ ਆਲੇ-ਦੁਆਲੇ ਜੋ ਅਸੀ ਨਵੀਆਂ ਚੀਜ਼ਾਂ ਦੇਖਦੇ ਹਾਂ,ਉਹ ਕੁਝ ਦਲੇਰ ਅਤੇ ਦ੍ਰਿੜ ਵਿਅਕਤੀਆਂ ਦਾ ਹੀ ਨਤੀਜਾ ਹਨ,ਜਿੰਨਾਂ ਨੇ ਅਸਫਲਤਾ ਅਤੇ ਅਲੋਚਨਾ ਦੇ ਡਰ ਨੂੰ ਦੂਰ ਕਰਦੇ ਹੋਏ,ਆਪਣੇ ਆਪ ਨੂੰ ਇਕ ਕੰਮ ਵਿੱਚ ਲਗਾ ਦਿੱਤਾ ਹੈ ਅਤੇ ਅਣਥੱਕ ਮਿਹਨਤ ਕੀਤੀ ਹੈ,ਉਨਾਂ ਨੂੰ ਮਿਲਣ ਵਾਲੀ ਫੀਡਬੈਕ ਅਤੇ ਸਲਾਹ ਨੂੰ ਲਗਾਤਾਰ ਸੁਣਦੇ ਹੋਏ।ਹਰ ਖੇਤਰ ਵਿੱਚ ਲੋਕ ਸਲਾਹ ਲੈਦੇ ਹਨ ਅਤੇ ਲੋੜੀਦੇ ਸੁਧਾਰ ਕਰਦੇ ਹਨ।ਵੱਡੀਆਂ ਕੰਪਨੀਆਂ ਵੀ ਆਪਣੇ ਕੰਮ ਨੂੰ ਬਿਹਤਰ ਬਣਾਉਣ ਲਈ ਸਮਰਪਿਤ ਸਲਾਹਕਾਰ ਟੀਮਾਂ ਨੂੰ ਨਿਯੁਕਤ ਕਰਦੀਆਂ ਹਨ।ਜੇਕਰ ਉਹ ਅਜਿਹਾ ਨਹੀ ਕਰਦੇ ਤਾਂ ਉਹ ਜਿਆਦਾ ਦੇਰ ਤੱਕ ਨਹੀ ਬੱਚ ਸਕਣਗੇ।ਇਹ ਸਿਧਾਂਤ ਹਰ ਜਗ੍ਹਾਂ ਲਾਗੂ ਹੁੰਦਾ ਹੈ,ਬਸ ਇਸ ਨੂੰ ਸਕਾਰਾਤਮਕ ਢੰਗ ਨਾਲ ਲਓ।ਇਹ ਇਕ ਬਿਹਤਰ ਸਮਾਜ ਅਤੇ ਇਕ ਬਿਹਤਰ ਵਿਅਕਤੀ ਬਣਾਉਣ ਦੀ ਪ੍ਰਕਿਰਿਆ ਵਿੱਚ ਇੱਕ ਮਹੱਤਵਪੂਰਨ ਸਾਧਨ ਹੈ।

ਅਮਰਜੀਤ ਚੰਦਰ
9417600014

Dear Sir/Madam

The Management, Staff and Students of

BODHISATVA DR. BABASAHEB AMBEDKAR PUBLIC SCHOOL, CHIMUR, Dt. Chandrapur (M.S.)

Cordially invite you for the

ANNUAL DAY CELEBRATION

on

Thursday, 1st January, 2026

at 11.30 am

PRESIDENT

Ayu. Prakash Wankhede,

President Bodhisatva Dr. Babasaheb Ambedkar Public School Chimur

CHIEF GUEST

Dr. Santosh Thite

Add. Collector, Chimur

Mr. Shridhar Rajmane Sir

Tahsildar, Tahsil office Chimur

Mrs. Archana Wanjari,

CEO, Nagar Parishad, Chimur

Mr. Dinesh Labade

Police Inspector, Police Station, Chimur

Mr. Vishal Bodhane

BEO, P. S. Chimur

Principal

Mr. Siddharth Jilte

BBAPS, Chimur

ਡਾਕਟਰ ਅੰਬੇਡਕਰ ਨਗਰ, ਨਕੋਦਰ ਵਿਖੇ ਬਣਾਏ ਜਾ ਰਹੇ 'ਸਮਰਾਟ ਅਸ਼ੋਕ ਪਬਲਿਕ ਸਕੂਲ' ਦੀ ਜਗ੍ਹਾ ਨੂੰ ਦੇਖਣ ਆਏ ਪਤੱਵੰਤੇ

ਨਕੋਦਰ– ਸਮਰਾਟ ਅਸ਼ੋਕ ਪਬਲਿਕ ਸਕੂਲ ਮੁਹੱਲਾ ਡਾਕਟਰ ਅੰਬੇਡਕਰ ਨਗਰ (ਨਵੀਂ ਆਬਾਦੀ) ਨਕੋਦਰ ਵਿਖੇ ਬਣਾਏ ਜਾ ਰਹੇ ਸਕੂਲ ਜੋ ਕਿ CBSE ਐਫੀਲਿਏਟਡ ਹੋਵੇਗਾ, ਉਹਨੂੰ ਦੇਖਣ ਵਾਸਤੇ ਹੋਲੈਂਡ ਤੋਂ ਮਿਸਟਰ ਪ੍ਰਕਾਸ਼ ਐਇਰ ਜੀ ਅਚੇਚੇ ਤੌਰ ਤੇ ਆਏ। ਉਹਨਾਂ ਦੇ ਨਾਲ ਉਹਨਾਂ ਦੇ ਸਾਥੀ ਸਰਦਾਰ ਜਗਤਾਰ ਸਿੰਘ ਏ ਐਸ ਆਈ ਅੰਮ੍ਰਿਤਸਰ ਤੋਂ ਵੀ ਆਏ. ਫੂਲਪੁਰ ਧਨਾਲ ਸਕੂਲ ਵੱਲੋਂ ਸ਼੍ਰੀ ਹੁਸਨ ਲਾਲ ਜੀ, ਨਕੋਦਰ ਟੀਮ ਵੱਲੋਂ ਮਿਸਟਰ ਸੁਰਿੰਦਰ ਕੁਮਾਰ, ਮਿਸਟਰ ਪ੍ਰਸ਼ੋਤਮ ਲਾਲ ਚੰਦਰ ਵੱਲੋਂ ਬਣਾਏ ਜਾ ਰਹੇ ਸਕੂਲ ਦੀ ਜਗ੍ਹਾ ਨੂੰ ਦਿਖਾਇਆ। ਆਏ ਹੋਏ ਸਾਥੀ ਮਿਸਟਰ ਪ੍ਰਕਾਸ਼ ਐਇਰ ਜੀ ਹੁਣਾਂ ਨੇ ਸਕੂਲ ਵਿੱਚ ਇੱਕ ਕਮਰਾ ਤਿਆਰ ਕਰਕੇ ਦੇਣ ਦਾ ਵਾਅਦਾ ਕੀਤਾ ਅਤੇ ਇੱਕ ਕਮਰਾ ਉਹਨਾਂ ਦੇ ਸਾਥੀ ਜੋ ਕਿਸੇ ਕਾਰਨ ਕਰਕੇ ਨਾਲ ਨਹੀਂ ਆ ਸਕੇ ਉਹਨਾਂ ਨੇ ਵੀ ਇੱਕ ਕਮਰਾ ਤਿਆਰ ਕਰਨ ਵਾਸਤੇ ਆਪਣਾ ਯੋਗਦਾਨ ਪਾਉਣ ਲਈ ਆਪਣੇ ਆਪ ਨੂੰ ਬਚਨ ਵੱਧ ਕੀਤਾ। ਅੱਜ ਦੇ ਹੀ ਦਿਨ ਭਾਵ 17/12/2025 ਨੂੰ, ਉਹਨਾਂ ਨੇ ਨਿਰਮਾਣ ਅਧੀਨ ਜੇਤਵਨ ਬੁੱਧ ਬਿਹਾਰ, ਮੁਹੱਲਾ ਡਾਕਟਰ ਅੰਬੇਡਕਰ ਨਗਰ (ਨਵੀਂ ਆਬਾਦੀ) ਨਕੋਦਰ ਨੂੰ ਦੇਖਣ ਉਪਰੰਤ ਆਪਣੀ ਖੁਸ਼ੀ ਜਾਹਿਰ ਕੀਤੀ।

ਸਾਮਨੇਰ, ਸਾਮਨੇਰੀ ਟ੍ਰੇਨਿੰਗ ਸ਼ਿਵਰ ਸਬੰਧੀ ਜਾਣਕਾਰੀ

ਨਕੋਦਰ– ਅਖਲ ਭਾਰਤੀਏ ਭਿਖਣੀ ਸੰਘ, ਸ਼ਾਖਾ ਪੰਜਾਬ ਦੁਆਰਾ 20/12/2025 ਤਰੀਕ ਤੋਂ ਲੈ ਕੇ 30 ਦਸੰਬਰ 2025 ਤੱਕ ਟ੍ਰੇਨਿੰਗ ਸ਼ਿਵਰ ਲਗਾਇਆ ਜਾ ਰਿਹਾ ਹੈ। ਜਿਸ ਦਾ ਸਥਾਨ ਅਸ਼ੋਕਾ ਬੁੱਧ ਵਿਹਾਰ ਮੁਹੱਲਾ ਗੁਰੂ ਰਵਿਦ-ਾਸਪੁਰ, ਮਹਿਤਪੁਰ ਰੋਡ ਨਕੋਦਰ, ਜਲੰਧਰ, ਪੰਜਾਬ ਹੈ ਲ ਇਹ ਟ੍ਰੇਨਿੰਗ ਸ਼ਿਵਰ ਮਹਿਲਾ ਭੰਤੇ ਸੁਮੀਤਾ ਜੀ ਵਲੋਂ ਕਰਵਾਇਆ ਜਾ ਰਿਹਾ ਹੈ. ਇਸ ਪ੍ਰੋਗਰਾਮ ਵਿੱਚ ਜੋ ਵੀ ਧੰਮ ਬੰਧੂ ਭਾਗ ਲੈਣਾ ਚਾਹੁੰਦਾ ਹੈ ਲੈ ਸਕਦਾ ਹੈ। ਜਰੂਰੀ ਸੂਚਨਾ – ਜੇ ਕੋਈ ਇਸ ਪ੍ਰੋਗਰਾਮ ਦੇ ਵਿੱਚ ਦਾਨ ਦੇਣਾ ਅਤੇ ਹੋਰ ਜਾਣਕਾਰੀ ਚਾਹੁੰਦਾ ਹੈ ਤੋ ਹੇਠ ਲਿਖੇ ਨੰਬਰਾਂ ਨਾਲ ਸੰਪਰਕ ਕਰ ਸਕਦਾ ਹੈ **9501020093, 7755821340**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ
facebook
samajweekly

ਸਾਨੂੰ ਐਕਸ ਤੇ ਫੌਲੋ ਕਰੋ
@samajweekly

ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ
ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ

ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ
ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ
ਲਈ ਅਤੇ ਵੈਬਸਾਈਟ ਤੇ
ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com